@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
Punjabi National Daily
कौमी पत्रिका
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 20 November 2026
VISIT: www.qaumipatrika.org
Email: qpatrika@gmail.com
नवीं दिल्लीः शुक्रवार 20 नवंबर 2026, 7 मघर नानकशाही संमत 555 (सफ़े-12) मुल्ल 3.00 रुपए
R.N.I. No. 39272/81— संपादक — गुरचरन सिंघ बबर — साल — 45, अंक 12, qpatrika@gmail.com फोन : 9971359517 www.qaumipatrika.org

किसानों ते कारोबारीआं नूं गाल्हां कढ़ण नाल देश तरक्की नहीं करदा : प्रधान मंतरी मोदी

कौमी पत्रिका
सिमी कौर बबर

नवीं दिल्ली, 19 नवंबर। प्रधान मंतरी नरिंदर मोदी ने वीरवार नूं किहा कि किसानां ते कारोबारीआं नूं गाल्हां कढ़ण नाल देश अग्गे नहीं वधदा। उन्हां किहा कि पिछले 12 सालां 'च भारत दी अरथविवसथा बदली है ते 50 करोड़ लोक गरीबी 'चों बाहर निकले हन। प्रधान मंतरी दा इह बिआन राहुल गांधी दे दोशां तों इक दिन बाअद आइआ है। राहुल ने बुधवार नूं निऊयारक दी कोलंबीआ यूनीवरसिटी 'च किहा सी कि भारत आरथिक संकट वल्ल वध रिहा है। इस दे पिछे वड्डे पधर 'ते बेरोज़गारी अते सिखिआ प्रणाली नाल जुड़ीआं खामीआं हन। प्रधान मंतरी मोदी ने किहा कि 1970 दे दहाके 'च गरीबी हटाओ दा नाअरा दिता गिआ सी, उदों भारत दी आबादी लगभग 50 करोड़ सी। पर पिछले 12-13 सालां 'च अरथविवसथा



बदली है। अज 50 करोड़ भारती गरीबी 'चों बाहर निकले हन। उन्हां किहा कि कुझ कंपनीआं विदेशां लई बिहतर अते भारत लई घट गुणवत्ता वाले उतपाद बनाउंदीआं हन। इस सोच नूं बदलणा होवेगा। भारती खपतकार वी चंगी गुणवत्ता वालीआं वसतां दे हकदार हन। प्रधान मंतरी ने कारोबारीआं नूं घरेलू बाज़ार तक सीमत ना रहिन दी अपील कीती। उन्हां किहा कि कंपनीआं नूं दूजे देशां दीआं लोड़ां अते गाहकां दी पसंद समझ के उतपाद त्रिआर करने चाहीदे हन। प्रधान मंतरी मोदी ने किहा कि सरकार 'रिफारम ऐकसप्रैस' राहीं लगातार सुधार कर रही है। उन्हां किहा कि कारोबारी बिनां किसे झिजक दे आपणीआं समसिआवां अते सुधारां नाल जुड़े सुझाअ देण, सरकार उन्हां दे नाल खड़ी है। उन्हां किहा कि कंपनीआं नूं अजिहे उतपाद बनाउने चाहीदे हन, जो गाहकां दीआं लोड़ां मुताबक होन अते वरतों 'च आसान होन। इस लई बिहतर खोज अते नवीं टैकनालोजी अपनाउणी ज़रूरी है। प्रधान मंतरी ने विकसित भारत दे टीचे नूं सिरफ़ नाअरा नहीं, सगों संकलप दसिआ। उन्हां किहा कि सानूं 100 साल उडीकण दी बजाए इह सोचना चाहीदा है कि अगले 10 सालां 'च देश दे विकास लई की योगदान पा सकदे हां। प्रधान मंतरी नरिंदर मोदी ने प्रसिध वीडीओ गेम 'ग्रैंड थैफट आटो' (जी. टी. ए.) दी उदाहरन दिंदे होए पिछले 12 सालां 'च भारत दी विकास यातरा नूं उजागर कीता। प्रधान मंतरी मोदी ने किहा कि इस दौरान भारत 'कमज़ोर पंज' अरथविवसथावां दी स्रेणी 'चों निकल के दुनीआ दी सभ तों तेज़ी नाल वधण वाली अरथविवसथा बण गिआ है। उसे ही देश दी सुरजी ऊरजा समरथा 2.82 गीगावाट तों वध के 175 गीगावाट हो गई है अते रेलवे दा बिजलीकरन 20 फीसदी तों वध के 99.6 फीसदी हो गिआ है। नौजवानां नाल जुड़न दी कोशिश करदे होए मोदी ने प्रसिध वीडीओ गेम दे 2 ऐडीशनां- 2013-14 'च जारी 'जी. टी. ए.-5' अते वीरवार नूं जारी 'जी.टी.ए.-6'- विचाले तुलना करदे होए विकास दे वध-वध मापदंडां 'च आए बदलाअ दा ज़िकर कीता। ग्रैंड थैफट आटो (जी. टी. ए.) इक प्रसिध वीडीओ गेम लड़ी है।

हवा प्रदूशण नूं लै के लापरवाही 'ते हर अधिकारी दी होवेगी जवाबदेही, मुख मंतरी रेखा गुपता

कौमी पत्रिका

नवीं दिल्ली 19 नवंबर। हवा प्रदूशण कंटरोल करन लई मुख मंतरी रेखा गुपता ने सारे विभागां नूं तालमेल, जवाबदेही नाल कंम करन अते योजनावां दा असर ज़मीन 'ते दिखाई देण दे निरदेश दिंदे। उन्हां सपशट कीता कि किसे वी पधर 'ते लापरवाही बरदाशत नहीं होवेगी। प्रदूशण दे हर सरोत 'ते ऐकशन होना चाहीदा है। किसे वी तरां दी लापरवाही होन 'ते हर अधिकारी दी जवाबदेही होवेगी। दिल्ली विच हवा प्रदूशण कंटरोल करन दे यतनां दी समीखिआ लई मुख मंतरी रेखा गुपता ने बुधवार नूं दिल्ली प्रदूशण कंटरोल कमेटी (डी. पी. सी. सी.) दे इंटीगृटिड कमांड ऐंड कंटरोल सैंटर (आई. सी. सी. सी.) विच उच्च-पधरी बैठक कीती। बैठक विच प्रदूशण हाटसपाट, निगरानी ते जांच, कारवाई, सड़कां अते उसारी वालीआं थावां दी धूड़, वाहनां ते जनतक टरांसपोरट तों होण वाला प्रदूशण, उदयोगिक प्रदूशण, उसारी ते ढाहुन दे मलबे अते ठोस कचरे दे निपटारे दी समीखिआ कीती गई। मुख मंतरी ने दिल्ली वासीआं नूं अपील कीती है कि



उह प्रदूशण घट करन विच योगदान पाउन, तां जो राजधानी सही अरथां विच विकसित दिल्ली दा रूप लै सके।

हो जाओ सावधान ! तीजे समुंदरी तूफ़ान नूं लै के ओडिशा दे सारे ज़िलिआं 'च अलरट

भुवनेशवर, 19 नवंबर। ओडिशा सरकार ने सारे ज़िलिआं खास कर के दखणी अते समुंदरी कंढिआं वाले खेतरां दे ज़िलिआं नूं बंगाल दी खाड़ी 'च 3 हफ़तिआं तों वी घट समें 'च तीजे समुंदरी तूफ़ान दे आउण दी संभावना नूं वेखदिआं किसे वी उलट मौसमी हालात नाल निजिठण लई अलरट रहिण लई किहा है। सूबाई आफ़त प्रबंधन मंतरी सुरेश पुजारी ने ऐतवार इह जाणकारी दिंती। उन्हां किहा कि सावधानी दे उपाअ कीते जा रहे हन किउंकि पहिले तूफ़ान 'अरनब' ने अकतूबर च दखणी ज़िलिआं 'च भारी तबाही मचाई सी। इक होर समुंदरी तूफ़ान 'मुरासू' कारन इस महीने दे शुरू 'च इस खेतर 'च भारी मींह पिआ सी।

ऐन. सी. पी. दे दोहां धड़िआं दे रलेवें तों सुनेतरा पवार ने कीता इनकार, सुप्रिआ सुले दी वी 'नांह'

मुंबई 19 नवंबर। ऐन. सी. पी. दे दोहां धड़िआं दे संभावित रलेवें तों सुनेतरा पवार ने इनकार कीता है। मिलीआं खबरां अनुसार अजीत पवार दी मौत तों बाअद पारटी मुखी दा अहुदा संभालण वाली सुनेतरा पवार ने महाय़ुती दे आगूआं सामने ऐन. सी. पी. दे रलेवें दे विचार दा सशत विरोध कीता है। सुनेतरा दा कहिणा है कि शरद पवार दी अगवाही वाले ऐन. सी. पी. धड़े दा राजग 'च इक आज़ाद पारटी वजों सवागत है पर उह रलेवें दे पूरी तरां विरुध है। पारटी दे अंदरुनी सूतरां दा मंनणा है कि सुनेतरा नूं डर है कि शरद धड़े नाल रलेवें पिछों उन्हां दे आपणे धड़े दी होंद नूं ख़तरा पैदा हो जावेगा, जो इस समें महाराशटर 'च भाजपा ते शिव सेना नाल सतधारी गठजोड़ दा हिसा है। इस दौरान ऐन. सी. पी. (शरद) दी मुखी सुप्रिआ सुले ने दुहराइआ है कि रलेवें बारे फिलहाल कोई गलबात नहीं हो रही। उन्हां मीडीआ नाल गलबात करदिआं किहा कि आपणे भरा अजीत पवार दी मौत तों बाअद मैं आपणे वलों इस मुदे नूं खतम कर दिता है।

सुरखीआं 'च रहिण लई यू. पी. ते बिहार नूं निशाना बणाउंदे हन राज ठाकरे : प्रशांत किशोर

पटना 19 नवंबर। केंदरी मंतरी चिरागा पासवान ते जन सुराज पारटी दे संसथापक प्रशांत किशोर ने किहा है कि महाराशटर नवनिरमाण सेना (मनसे) दे मुखी राज ठाकरे सुरखीआं 'च रहिण लई यू. पी. ते बिहार नूं निशाना बणाउंदे हन। उन्हां राज ठाकरे वलों बिहार दे सभ तों प्रसिध तिउहार छठ बारे दिते बिआन 'ते शनीवार तिखी प्रतीकिरिआ दिती। पटना 'च पतरकारां ने प्रशांत किशोर ते चिरागा पासवान नूं मुंबई रेलवे सटेशनां 'ते छठ दे गीत वजाउण 'ते मनसे मुखी दे इतराज़ बारे वधेरे तौर 'ते सवाल कीते। राज ठाकरे ने इस नूं महाराशटर 'च सतधारी भाजपा वलों टकराअ भड़काउण ते सोझिआचारक जनून पैदा करन दी कोशिश करार दिता। पासवान ने ठाकरे 'ते सिआसत 'च खेतरवाद नूं लगातार उतशाहित करन दा दोश लाउंदे होए किहा कि इस रवईए कारन उन्हां दे आपणे सूबे दे लोक दहाकिआं तों उन्हां दी पारटी नूं रद कर रहे हन। किशोर ने मनसे मुखी 'ते टिपणी करदिआं इह वी किहा कि जदों कोई उन्हां नूं नहीं पुछदा तां उह मीडीआ 'च बणे रहिण लई समें-समें 'ते अजिहे बिआन दिंदे रहिंदे हन।

राम मंदर 'च चड़ावे दी कथित चोरी दी जांच 'ते जैराम रमेश ने चुके सवाल

नवीं दिल्ली, 19 नवंबर। कांगरस ने अजुधिआ सथित श?ी राम मंदर विच चड़ावे दी कथित चोरी दे मामले विच जांच प्रकिरिआ 'ते सवाल उठाउंदे होए पुछिआ कि की जांच दे नां 'ते देश दी जनता ते सुपरीम कोरट, दोवां नूं गुमराह कीता गिआ। पारटी दे जनरल सकतर जैराम रमेश ने इस दे नाल ही पुछिआ कि इस मामले विच प्रधान मंतरी नरिंदर मोदी चुप किउं हन? उन्हां मामले दी जांच लई सुपरीम कोरट दी निगरानी हेठ नवीं ते सुतंतर विशेश जांच टीम (ऐस. आई. टी.) गठित कीते जाण दी मंग दुहराई। रमेश ने 'ऐकस' 'ते



इक पोसट विच दोश लाइआ कि इस मामले विच 2 ऐस. आई. टीज़ दा गठन कीता गिआ अते दोवां दी भूमिका नूं लै के गंभीर सवाल उठदे हन। उन्हां किहा,"सपशट है कि 2 ऐस. आई. टीज़ बणाईआं गइआं-इक लोकां दीआं अखां विच घटा पाउन लई अते दूजी अदालत नूं दिखाउन लई।" जैराम रमेश ने सवाल कीता कि जदों सरकार वलों 20 जुलाई नूं सुपरीम कोरट विच किहा गिआ सी कि पहिली टीम जांच नहीं कर रही सी तां मुख मंतरी ने 4 अगसत नूं उतर प्रदेश विधान सभा विच उसे टीम दी मुढली जांच दा हवाला किस आधार 'ते दिता सी। उन्हां पुछिआ,"की सदन नूं गलत जाणकारी दिती गई जां सुपरीम कोरट नूं गुमराह कीता गिआ?"

डेरा सचखंड बल्लां आउणगे भाजपा प्रधान नितिन नबीन, 'समरसता संकपल यातरा' दी करनगे शुरूआत

कौमी पत्रिका
नवदीप सिंघ साहनी

चंडीगढ़ 19 नवंबर। भारती जनता पारटी वलों सी गुरु रविदास जी महाराज दे 650वें जखंती समागमां नूं समरपित 'समरसता संकलप यातरा' कढी जावेगी। इह यातरा 18 नवंबर नूं जलंधर तों शुरू हो के 2,558 किलोमीटर दा सफ़र तैअ करदी होई 3 दसंबर नूं वाराणसी पहुंचेगी। भाजपा दे कौमी प्रधान नितिन नबीन जी जलंधर-पठानकोट हाईवे 'ते पैंदे पिंड राइपुर (नेड़े डेरा सचखंड बल्लां) तों यातरा दी शुरूआत करवाउणगे। सूबा प्रधान केवल सिंघ ढिल्लों ने प्रैस कानफरैंस दौरान 'समरसता संकलप यातरा' दे वेरवे सांझे करदिआं दसिआ कि इस यातरा दा मुख उदेश सी गुरु रविदास जी महाराज दे जीवन,



उन्हां दीआं सिखिआवां ते समानता, भगती, समाजिक इकता ते मनुखता दे संदेश नूं देश दे वख-वख हिसिआं 'च विआपक पधर 'ते 2 करोड़ तों वध लोकां तक पहुंचाउना है। इस मौके उन्हां नाल साबका सूबा प्रधान विज सांपला, साबका केंदरी मंतरी सोम प्रकाश, गेजा राम वालमीकि, सुशील रिंकू, जनरल सकतर रजनीश धीमान, पंजाब सटेट मीडीआ हैड विनीत जोशी, ऐस.ऐस. चनी ते ऐस.आर. लधड़ वी हाज़र सन। ढिल्लों ने दसिआ कि इह यातरा जलंधर तों शुरू हो के हुशिआरपुर हुंदी होई मुकेरीआं, पठानकोट, बटाला अंमृतसर, तरनतारन, फिरोज़पुर, मुकतसर साहिब, बठिंडा, संगरूर, लुधिआना, रोपड़, मोहाली हुंदे होए चंडीगढ़ 'च दाखल होवेगी। इह पंजाब 'च 5 दिनां दौरान 17 ज़िलिआं 'च 700 किलोमीटर दा सफ़र तैअ करेगी। उन्हां दसिआ कि इह यातरा 7 सूबिआं ते यू.टी. दे 46 शहिरां 'चों गुज़रेगी, इस दौरान 29 वड्डे समागम ते 27 ज़िलिआ पधरी समागम करवाए जाणगे। इस तों बाअद यातरा वख-वख सूबिआं 'चों हुंदी होई उतर प्रदेश पहुंचेगी ते 3 दसंबर नूं वाराणसी विखे सी गुरु रविदास जी महाराज दे जनम असथान सीर गोवरधनपुर विखे समापत होवेगी।

बिलकिस बानो मामला : सुपरीम कोरट ने 2 दोशीआं दी शजा कीती मुअतल, ज़मानत दिती

कौमी पत्रिका

नवीं दिली 19 नवंबर। सुपरीम कोरट ने गुजरात 'च 2002 दे गुजरात दंगिआं दौरान बिलकिस बानो नाल समूहिक बलातकार अते उस दे परिवार दे 7 मैंबरां दे कतल मामले 'च दो दोशीआं दी उमर कैद दी सज़ा मुअतल करदे होए उन्हां नूं ज़मानत दे दिती है। जसटिस ऐम.ऐम. सुंदरेश अते पी.बी. वरले दे बैंच ने इस गल दा नोटिस लिआ कि दोशी बिपिन चंदर जोशी अते प्रदीप मोरधीआ 17 सालां तों वध समें तों जेल्ह 'च बंद हन। कोरट ने आपणे 28 अकतूबर दे आदेश 'च किहा,पखकारां दीआं दलीलां सुनन तों बाअद इंना कहिना काफ़ी है कि अपीलकरता 17 सालां तों वध समें तों जेल्ह 'च हन। इह वी तथ है कि अपीलकरताव 'चों इक गंभीर रूप नाल अपाहज है। यकीनी तौर 'ते इस अपील 'च तथां अते कानूंन, दोवां नाल जुड़े अजिहे मुदे हन, जिन्हां 'ते फैसला कीता जाना बाकी है।" अदालत दा इह आदेश हुन वैबसाईट 'ते अपलोड कीता गिआ है। बैंच ने किहा, उपरोकत तथां अते इस अपील 'च शामल मुदिआं 'ते विचार करदे होए असीं अपीलकरतावां दी सज़ा नूं मुअतल करदे हां अते उन्हां नूं हेठली अदालत वलों तैअ निअमां अते शरतां 'ते ज़मानत दिंदे हां। दोशीआं वलों पेश सीनीअर वकील सिधारथ लुथरा ने दलील दिती कि दोवें विअकती 17 सालां तों वध समें तों जेल्ह 'च हन। उन्हां दसिआ कि ऐफआईआर 'च इक दोशी दा नाम नहीं सी अते 2002 दे दंगिआं तों लगभग तिंन साल बाअद उस नूं इस मामले 'च दोशी बनाइआ गिआ सी। वधीक सालिसटर जनरल राजा ठाकरे ने ज़मानत पटीशन दा सशत विरोध कीता। उन्हां किहा कि हाई कोरट अते हेठली अदालत ने रिकारड 'ते सारे संबंधित सबूतां 'ते विचार कीता सी, खास करके अपराध दी बहुत गंभीर प्रकिरती नूं देखदे होए। बिलकीस बानो नाल फरवरी 2002 'च गोधरा टरेन 'च अग लगाए जाण दी घटना तों बाअद गुजरात 'च भड़के फिरकू दंगिआं दौरान समूहिक बलातकार कीता गिआ सी। उस समें उह 21 साल दी अते पंज महीनिआं दी गरभवती सी। उस दे परिवार दे सत मैंबरां दा कतल कर दिता गिआ सी, जिस 'च उस दी तिंन साल दी धी वी शामल सी। मोरधीआ अते जोशी उन्हां 11 दोशीआं 'च शामल सन जिन्हां नूं गुजरात सरकार दुआरा मुआफी नाल रिहाअ कीता गिआ सी।

शराब घुटाले 'च 54 दा वड्डा ऐकशन, भूपेश बघेल दे बेटे नाल जुड़े 61 करोड़ दे 355 पलाट ज़बत

कौमी पत्रिका

रायपुर 19 नवंबर। छतीसगढ़ दे चरचित शराब घुटाले नाल जुड़े मनी लांडरिंग मामले विच ई.डी. (इनफोरसमैंट डाइरैकटोरेट) ने वडी कारवाई करदिआं दुरग ज़िले दे कुमहारी सथित 'विठल गृीनज़' रीअल असटेट प्रोजैकट दे 355 पलाटां 'ते कबज़ा कर लिआ है। इहनां ज़बत कीतीआं गइआं जाइदादां दी अनुमानित कीमत लगभग 61 करोड़ रुपए दसी गई है। इह सारे पलाट छतीसगढ़ दे साबका मुख मंतरी अते कांगरसी नेता भूपेश बघेल दे बेटे चैतंनिआ बघेल नाल जुड़े दसे जा रहे हन। ई.डी. दी टीम शनीवार दुपहिर लगभग 3 वजे विठल गृीनज़ पहुंची अते कारवाई तों बाअद कालोनी दे मुख गेट 'ते नोटिस चिपका दिता। इस दे नाल ही ज़बत कीते पलाटां दी जाणकारी वाला बोरड वी लगा दिता गिआ। ई.डी. अधिकारीआं अनुसार विठल गृीनज़ विच कुल 385 पलाट हन, जिन्हां विचों 30 पलाट पहिलां ही विक चुके सन, इस लई उन्हां नूं इस कारवाई तों बाहर रखिआ गिआ है। बाकी 355 पलाटां 'ते ऐजंसी ने कबज़ा लिआ है, जिन्हां विच इक वपारक (कमरशीअल) पलाट वी शामल है। ई.डी. अनुसार इह कारवाई छतीसगढ़ विच होए लगभग 2,883 करोड़ रुपए तों वध दे शराब घुटाले नाल जुड़ी मनी लांडरिंग जांच दे तहित कीती गई है। जांच ऐजंसी दा दोश है कि साल 2019 तों 2023 दे दरमिआन (कांगरस सरकार दे कारजकाल दौरान) शराब घुटाले तों हासल कीती गई गैर-कानूंनी कमाई दी वरतों इह जाइदादां खरीदन लई कीती गई सी। ई.डी. दी इस कारवाई 'ते सवाल चुकदिआं साबका मुख मंतरी भूपेश बघेल ने किहा कि ऐजंसी कोल कोई कंम नहीं है अते ख़बरां विच बने रहिन ते उन्हां नूं बदनाम करन लई अजिही कारवाई कीती गई है। बघेल ने दाअवा कीता कि अदालत पहिलां ही जाइदादां सीज़ करन दे निरदेश दे चुकी है अते उह इस आदेश ख़?लाफ़ ट्रिबिउनल गए सन। उन्हां अनुसार ट्रिबिउनल विच अगले दिन सुनवाई होनी सी, पर सुनवाई तों पहिलां ही जलदबाज़ी विच इह कारवाई कर दिती गई।

जंमू-कशमीर मंतरी दे धारा 370 वाले बिआन 'ते आरपी सिंघ दा पलटवार

कौमी पत्रिका

नैशनल डैसक 19 नवंबर। भारती जनता पारटी (भाजपा) दे राशटरी बुलारे आरपी सिंघ ने जंमू-कशमीर दे मंतरी मीर सैफुल्ला वलों वखरे राज दे झंडे, धारा 370 अते विशेश दरजे दी बहाली सबंधी दिते बिआन 'ते तिखा पलटवार कीता है। आरपी सिंघ ने सपशट कीता कि अजिहीआं मंगां उस पछाड़ू राजनीती दी याद दिवाउंदीआं हन जो लोकां दे असल मुदिआं अते आसां-उमीदां तों धिआन भटकाउन दा कंम करदीआं हन। भाजपा दे राशटरी बुलारे ने ज़ोर दे के किहा कि भारत इक पभुसतां संपंन राशटर है, जो इक ही संविधान अते इक ही राशटरी झंडे हेठ इकजुट है। उन्हां किहा कि अगसत 2019 विच कीते गए संविधानक बदलाअ ने जंमू-कशमीर दे पुराने विशेश दरजे नाल जुड़े विवादां दा हमेशा लई निपटारा कर दिता है। उन्हां अनुसार पुराणीआं राजनीतिक दराड़ां नूं मुड़ तों कोरन दा कंम जनतक हित विच बिलकुल नहीं है। सरहदी खेतर दी रणनीतक संवेदनशीलता 'ते चानणा पाउंदिआं आरपी सिंघ ने किहा कि अतीत दे विवादां नूं दुबारा चुकण नाल आम जनता दा कोई भला नहीं हो सकदा। उन्हां मुताबक जंमू-कशमीर दे नौजवानां नूं अंतहीन सिआसी बहिसां दी थां रोज़गार, नवें निवेश, विकास अते सथाई अमन-शांती दी लोड़ है। आरपी सिंघ ने चिंतावनी दिंदी कि चोन राजनीती कारन देश दी राशटरी अखंडता नाल कदे वी समझौता नहीं कीता जाना चाहीदा। उन्हां किहा कि राशटरी अखंडता कदे वी चोनां दी बली नहीं चड़नी चाहीदी अते सानूं हमेशा देश पहिलां हमेशा।

मुफ़त 'च करो ताज महल दा दीदार ! इस दिन नहीं लगेगी कोई ऐंटरी टिकट

आगरा 19 नवंबर। विशव विरासत हुफ़ता 19 नवंबर तों शुरू। इस मौके सैलानीआं नूं आगरा दीआं सारीआं यादगारां 'च मुफ़त दाखला मिलेगा। इन्हां 'च ताज महल, आगरा दा किला, फतिहपुर सीकरी, सिकंदरा, इतिमाद-उद-दौला ते महिताब बागा शामल हन। हालांकि ताज महल दे मुख मकबरे अंदर दाखल होन लई 200 रुपए दी फीस लई जावेगी। भारती पुराततव सरवेखण दे सुपरडैंटिंग पुराततव विगिआनी डा. समिता कुमार ने ऐतवार किहा कि विशव विरासत हुफ़ता 19 तों 25 नवंबर तक मनाइआ जावेगा।

खड़गे, प्रियंका गांधी ने साबका प्रधान मंतरी इंदरा गांधी नूं उन्हां दी जयंती 'ते भेंट कीती शरधांजली

कौमी पत्रिका
तेजिंदर कौर बबर

नवीं दिली 19 नवंबर। कांगरस प्रधान मलिकारजुन खड़गे, पारटी जनरल सकतर प्रियंका गांधी वाड़रा अते कई होर पारटी नेतावां ने वीरवार नूं साबका प्रधान मंतरी इंदरा गांधी नूं उन्हां दे जनमदिन 'ते शरधांजली भेंट कीती अते उन्हां दे देश प्रती योगदान नूं याद कीता। खड़गे ने ✓ 'ते इक पोसट विच इंदरा गांधी नूं अदुती साहस, संघरश अते मज़बूत ??लीडरशिप दा प्रतीक दसदिआं उन्हां ने उन्हां नूं भारत दी लोह महिला किहा। कांगरस प्रधान ने किहा, उन्हां ने देश दी एकता, अखंडता अते प्रभुसतां दी रखिआ लई आपणी जान कुरबान कर दिती। कांगरस प्रधान ने किहा कि इंदरा गांधी दा समरपण, योगदान, मज़बूत ??इछा शकती अते राशटर प्रती फैसलाकुन अगवाही हमेशा प्रेरित करदी रहेगी। इस दौरान प्रियंका गांधी वाड़रा ने आपणी दादी इंदरा गांधी नाल आपणी बचपन दी इक फोटो सांझी कीती अते उन्हां नूं जनमदिन दीआं शुभकामनावां दिती। उन्हां किहा, जनमदिन मुबारक, शेरनी! तेरे वरगा कोई होर कदे नहीं होवेगा। सीनीअर कांगरसी नेता अते राजसथान दे साबका मुख मंतरी अशोक गहिलोत ने वी इंदरा गांधी नूं शरधांजली भेट कीती, उन्हां नूं



ताकत, संवेदनशीलता, हिमत अते दिड़ता दा इक शानदार सुमेल दसिआ। गहिलोत ने किहा कि इंदरा गांधी इक अजिही धी सी, जिसने देश दी एकता अते अखंडता दी रखिआ लई सभ कुझ कुरबान कर दिता। उन्हां दी मज़बूत लीडरशिप, राशटर प्रती समरपण अते लोक भलाई दी भावना सानूं हमेशा प्रेरित करेगी। उन्हां किहा कि इंदरा गांधी दा जीवन सिखाउंदा है कि मज़बूत ??लीडरशिप उह है, जो राशटरी हित विच दिड़ होवे अते आम लोकां दे दुखां प्रती संवेदनशील होवे। कई होर कांगरसी आगूआं ने वी इंदरा गांधी दी अगवाही अते देश प्रती उन्हां दे योगदान नूं याद कीता, उन्हां दे आदरशां नूं अगे वधाउन दे आपणे संकलप नूं दुहराइआ। इंदरा गांधी दा जनम 19 नवंबर, 1917 नूं उतर प्रदेश दे इलाहाबाद (हुन प्रयागराज) विच होइआ सी। उन्हां दे पिता जवाहर लाल नहिरू देश दे पहिले प्रधान मंतरी सन। उह भारत दी पहिली महिला प्रधान मंतरी बणी। उन्हां ने 1966 तों 1977 अते फिर 1980 तों 1984 तक प्रधान मंतरी वजों देश दी अगवाही कीती। उन्हां दे कारजकाल दौरान सभ तों पमुख घटनावां 1971 दी भारत-पाकिसतान जंग अते बंगलादेश दा गठन सन। उन्हां दी 31 अकतूबर 1984 नूं नवीं दिली विच हतिआ कर दिती गई सी।

ਕਰੋੜਾਂ ਦੇ ਪਟਾਕੇ ਖ਼ਰੀਦ ਚੁੱਕੇ ਜਲੰਧਰ ਦੇ ਪਟਾਕਾ ਕਾਰੋਬਾਰੀਆਂ ਦੀ ਵਧੀ ਚਿੰਤਾ ! ਜਾਰੀ ਹੋਏ ਨਵੇਂ ਹੁਕਮ

ਕੌਮੀ ਪੜ੍ਹਿਕਾ

ਜਲੰਧਰ 19 ਨਵੰਬਰ। ਪਠਾਨਕੋਟ ਰੋਡ 'ਤੇ ਸਥਿਤ ਪਿੰਡ ਰਾਓਵਾਲੀ ਵਿਚ 5.5 ਏਕੜ ਜ਼ਮੀਨ 'ਤੇ ਅਸਥਾਈ ਪਟਾਕਾ ਮਾਰਕੀਟ ਲਾਉਣ ਦੀ ਯੋਜਨਾ ਨੂੰ ਵੱਡਾ ਝਟਕਾ ਲੱਗਾ ਹੈ। ਪਿੰਡ ਦੀ ਪੰਚਾਇਤ ਦੇ ਵਿਰੋਧ ਤੋਂ ਬਾਅਦ ਹੁਣ ਲੋਕਲ ਕੋਰਟ ਨੇ ਇਸ ਜ਼ਮੀਨ 'ਤੇ ਪਟਾਕਾ ਮਾਰਕੀਟ ਸਥਾਪਤ ਕਰਨ ਅਤੇ ਚਲਾਉਣ 'ਤੇ ਅਗਲੀ ਸੁਣਵਾਈ ਤੱਕ ਰੋਕ ਲਾ ਦਿੱਤੀ ਹੈ। ਸਿਵਲ ਜੱਜ ਜੂਨੀਅਰ ਡਿਵੀਜ਼ਨ ਗੁਰਪ੍ਰੀਤ ਸਿੰਘ ਦੀ ਅਦਾਲਤ ਨੇ 23 ਅਕਤੂਬਰ ਨੂੰ ਇਹ ਹੁਕਮ ਜਾਰੀ ਕੀਤਾ। ਮਾਮਲੇ ਦੀ ਅਗਲੀ ਸੁਣਵਾਈ 19 ਨਵੰਬਰ ਨੂੰ ਹੋਵੇਗੀ। ਅਦਾਲਤ ਦੇ ਇਸ ਹੁਕਮ ਨਾਲ ਸ਼ਹਿਰ ਦੇ ਪਟਾਕਾ ਕਾਰੋਬਾਰੀਆਂ ਦੀ ਚਿੰਤਾ ਵਧ ਗਈ ਹੈ। ਦੀਵਾਲੀ 8 ਨਵੰਬਰ ਨੂੰ ਹੈ ਅਤੇ ਇਸ ਤਿਉਹਾਰ 'ਚ ਹੁਣ ਬਹੁਤ ਘੱਟ ਸਮਾਂ ਬਚਿਆ ਹੈ। ਅਜਿਹੇ 'ਚ ਕਾਰੋਬਾਰੀਆਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਦਾਲਤ ਤੋਂ ਰਾਹਤ ਕਦੋਂ ਮਿਲੇਗੀ, ਮਿਲੇਗੀ ਵੀ ਜਾਂ ਨਹੀਂ, ਮਾਰਕੀਟ 'ਚ ਦੁਕਾਨਾਂ ਦੀ ਉਸਾਰੀ ਕਦੋਂ ਸ਼ੁਰੂ ਹੋਵੇਗੀ ਅਤੇ ਕਾਰੋਬਾਰੀ ਦੀਵਾਲੀ ਤੋਂ ਪਹਿਲਾਂ ਕਰੋੜਾਂ ਰੁਪਏ ਦਾ ਪਟਾਕਾ ਕਾਰੋਬਾਰ ਕਿਵੇਂ ਕਰ ਸਕਣਗੇ। ਜ਼ਿਕਰਯੋਗ ਹੈ ਕਿ ਸ਼ਹਿਰ ਦੇ ਵਧੇਰੇ ਪਟਾਕਾ ਕਾਰੋਬਾਰੀ ਪਹਿਲਾਂ ਹੀ ਕਰੋੜਾਂ ਰੁਪਏ ਦੇ ਪਟਾਕੇ ਖ਼ਰੀਦ ਚੁੱਕੇ ਹਨ। ਉਨ੍ਹਾਂ ਨੂੰ ਉਮੀਦ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਪ੍ਰਵਾਨਗੀ ਮਗਰੋਂ ਰਾਓਵਾਲੀ ਵਿਚ ਅਸਥਾਈ ਪਟਾਕਾ ਮਾਰਕੀਟ



ਤਿਆਰ ਹੋ ਜਾਵੇਗੀ ਅਤੇ ਦੀਵਾਲੀ ਤੋਂ ਪਹਿਲਾਂ ਵਿਕਰੀ ਸ਼ੁਰੂ ਹੋ ਜਾਵੇਗੀ। ਅਜਿਹੇ ਵਿਚ ਉਥੇ ਦੁਕਾਨਾਂ ਦੀ ਉਸਾਰੀ ਤੱਕ ਸ਼ੁਰੂ ਹੋ ਗਈ ਸੀ ਪਰ ਪਹਿਲਾਂ ਪਿੰਡ ਦੀ ਪੰਚਾਇਤ ਦੇ ਵਿਰੋਧ ਅਤੇ ਹੁਣ ਅਦਾਲਤ ਦੀ ਰੋਕ ਤੋਂ ਬਾਅਦ ਕਾਰੋਬਾਰੀਆਂ ਦੀ ਚਿੰਤਾ ਵਧ ਗਈ ਹੈ। ਕਾਰੋਬਾਰੀਆਂ ਨੂੰ ਡਰ ਹੈ ਕਿ ਜੇਕਰ ਮਾਮਲਾ ਜਲਦ ਨਾ ਸੁਲਝਿਆ ਤਾਂ ਉਨ੍ਹਾਂ ਲਈ ਪਟਾਕੇ ਵੇਚਣ ਦੀ ਵਿਵਸਥਾ ਕਰਨਾ ਮੁਸ਼ਕਿਲ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਪਿੰਡ ਰਾਓਵਾਲੀ ਵਿਚ 5.5 ਏਕੜ ਜ਼ਮੀਨ 'ਤੇ ਅਸਥਾਈ ਪਟਾਕਾ ਮਾਰਕੀਟ ਲਾਉਣ ਦੀ ਜ਼ਿਲ੍ਹਾ ਪ੍ਰਸ਼ਾਸਨ ਤੋਂ ਪ੍ਰਵਾਨਗੀ ਮਿਲਣ ਦੇ ਬਾਅਦ ਪਿੰਡ ਦੀ ਪੰਚਾਇਤ ਨੇ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਪਿੰਡ ਦੇ ਸਰਪੰਚ ਜਸਬੀਰ ਸਿੰਘ ਰਾਣਾ ਨੇ ਡਿਪਟੀ ਕਮਿਸ਼ਨਰ ਨੂੰ ਮੰਗ-ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਮਾਰਕੀਟ ਲਾਉਣ ਦਾ ਫ਼ੈਸਲਾ ਪੰਚਾਇਤ ਨੂੰ ਭਰੋਸੇ 'ਚ ਲਏ ਬਿਨਾਂ ਕੀਤਾ ਗਿਆ ਹੈ। ਪੰਚਾਇਤ ਨੇ ਆਲੇ-ਦੁਆਲੇ ਫੈਕਟਰੀਆਂ, ਰਿਹਾਇਸ਼ੀ ਮਕਾਨ, ਮਜ਼ਦੂਰਾਂ ਦੇ ਪਰਿਵਾਰ, ਦੋ ਪੈਟਰੋਲ ਪੰਪ ਅਤੇ ਹਸਪਤਾਲ ਹੋਣ ਕਾਰਨ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਸੀ। ਪੰਚਾਇਤ ਦਾ ਕਹਿਣਾ ਸੀ ਕਿ ਪਟਾਕਾ ਮਾਰਕੀਟ ਲੱਗਣ ਨਾਲ ਅੱਗ ਲੱਗਣ ਜਾਂ ਕਿਸੇ ਹੋਰ ਹਾਦਸੇ ਦਾ ਖ਼ਤਰਾ ਵਧ ਸਕਦਾ ਹੈ। ਇਸ ਤੋਂ ਇਲਾਵਾ ਤੰਗ ਸੜਕਾਂ 'ਤੇ ਟ?ਰੈਫਿਕ ਦਾ ਦਬਾਅ ਵਧਣ ਅਤੇ ਕੈਪੀਟਲ ਤੇ ਫੋਰਟਿਸ ਹਸਪਤਾਲ ਆਉਣ-ਜਾਣ ਵਾਲੇ ਮਰੀਜ਼ਾਂ ਅਤੇ ਐਂਬੂਲੈਂਸ ਨੂੰ ਪ੍ਰੇਸ਼ਾਨੀ ਹੋਣ ਦਾ ਖ਼ਦਸ਼ਾ ਵੀ ਪ੍ਰਗਟਾਇਆ ਗਿਆ ਸੀ। ਗ੍ਰਾਮ ਪੰਚਾਇਤ ਵੱਲੋਂ ਐਡਵੋਕੇਟ ਅੰਕੁਰ ਬੰਸਲ ਜ਼ਰੀਏ ਅਦਾਲਤ 'ਚ ਦਾਇਰ ਕੇਸ 'ਚ ਕਿਹਾ ਗਿਆ ਕਿ 10 ਅਕਤੂਬਰ ਨੂੰ ਪਿੰਡ 'ਚ ਆਮ ਇਜਲਾਸ ਬੁਲਾ ਕੇ ਪਟਾਕਾ ਮਾਰਕੀਟ ਲਾਉਣ ਦੇ ਵਿਰੋਧ ਵਿਚ ਮਤਾ ਪਾਸ ਕੀਤਾ ਗਿਆ ਸੀ। ਇਸ ਮਤੇ 'ਤੇ ਲਗਭਗ 300 ਦਿਹਾੜੀਆਂ ਨੇ ਦਸਤਖ਼ਤ ਕੀਤੇ ਸਨ। ਪੰਚਾਇਤ ਨੇ 10 ਅਕਤੂਬਰ ਨੂੰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ?ਰੇਟ ਨੂੰ ਵੀ ਸ਼ਿਕਾਇਤ ਦਿੱਤੀ ਸੀ। ਅਦਾਲਤ ਨੇ ਪੰਚਾਇਤ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ, ਤਸਵੀਰਾਂ, ਸਾਈਟ ਪਲਾਨ ਅਤੇ ਹੋਰ ਰਿਕਾਰਡ ਨੂੰ ਵੇਖਣ ਤੋਂ ਬਾਅਦ ਸਬੰਧਤ ਜ਼ਮੀਨ 'ਤੇ ਪਟਾਕਾ ਮਾਰਕੀਟ ਸਥਾਪਤ ਕਰਨ ਅਤੇ ਚਲਾਉਣ 'ਤੇ ਅਗਲੀ ਸੁਣਵਾਈ ਤੱਕ ਰੋਕ ਲਾ ਦਿੱਤੀ। ਅਦਾਲਤ ਨੇ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ 19 ਨਵੰਬਰ ਤੈਅ ਕੀਤੀ ਹੈ। ਫਿਲਹਾਲ ਕਾਰੋਬਾਰੀਆਂ ਦੀਆਂ ਨਜ਼ਰਾਂ 19 ਨਵੰਬਰ ਦੀ ਸੁਣਵਾਈ 'ਤੇ ਟਿਕੀਆਂ ਹਨ। ਹੁਣ ਦੇਖਣਾ ਹੋਵੇਗਾ ਕਿ ਅਦਾਲਤ ਦੇ ਅਗਲੇ ਹੁਕਮਾਂ ਤੋਂ ਬਾਅਦ ਰਾਓਵਾਲੀ ਵਿਚ ਅਸਥਾਈ ਪਟਾਕਾ ਮਾਰਕੀਟ ਲਾਉਣ ਦਾ ਰਸਤਾ ਖੁੱਲ੍ਹਦਾ ਹੈ ਜਾਂ ਕਾਰੋਬਾਰੀਆਂ ਦੀ ਚਿੰਤਾ ਹੋਰ ਵਧਦੀ ਹੈ। ਇਹ ਵੀ ਸੰਭਵ ਹੈ ਕਿ ਇਸ ਮਾਰਕੀਟ ਨੂੰ ਲੈ ਕੇ ਲੰਮੇ ਸਮੇਂ ਤੋਂ ਯਤਨਸ਼ੀਲ ਪਟਾਕਾ ਕਾਰੋਬਾਰੀਆਂ ਦੀਆਂ ਐਸੋਸੀਏਸ਼ਨਾਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਨਿਕਲ ਪੈਣ।

'ਬਾਂਦਰ' ਕਾਰਣ ਜਾਮ ਹੋਇਆ ਪੰਜਾਬ ਦਾ ਇਹ ਵੱਡਾ ਹਾਈਵੇ, ਪੂਰੀ ਤਰ੍ਹਾਂ ਠੱਪ ਹੋਈ ਆਵਾਜਾਈ

ਕੌਮੀ ਪੜ੍ਹਿਕਾ

ਮੁੱਲਾਂਪੁਰ ਦਾਖਾ 19 ਨਵੰਬਰ। ਪਿੰਡ ਢੱਟ ਵਿਖੇ ਪਿਛਲੇ ਕਾਫ਼ੀ ਸਮੇਂ ਤੋਂ ਘੁੰਮ ਰਹੇ ਇਕ ਅਵਾਰਾ ਬਾਂਦਰ ਵੱਲੋਂ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਤੇ ਪਸ਼ੂਆਂ ਨੂੰ ਕੱਟਣ ਅਤੇ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਹੋਣ ਦੇ ਚੱਲਦੇ ਅੱਜ ਪਿੰਡ ਵਾਸੀਆਂ ਦਾ ਗੁੱਸਾ ਫੁੱਟ ਪਿਆ। ਸਬੰਧਤ ਵਿਭਾਗ ਵੱਲੋਂ ਬਾਂਦਰ ਨੂੰ ਕਾਬੂ ਕਰਨ ਕੋਈ ਢੁੱਕਵੀਂ ਕਾਰਵਾਈ ਨਾ ਕੀਤੇ ਜਾਣ ਦੇ ਵਿਰੋਧ ਵਿਚ ਪਿੰਡ ਵਾਸੀਆਂ ਨੇ ਜਸਪ੍ਰੀਤ ਸਿੰਘ ਢੱਟ, ਪ੍ਰਧਾਨ ਬੀਕੇਯੂ ਦੀ ਅਗਵਾਈ ਹੇਠ ਲੁਧਿਆਣਾ-ਫਿਰੋਜ਼ਪੁਰ ਨੈਸ਼ਨਲ ਹਾਈਵੇ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਪਿੰਡ ਵਿਚ ਘੁੰਮ ਰਿਹਾ ਬਾਂਦਰ ਇਨਸਾਨਾਂ ਤੇ ਪਸ਼ੂਆਂ ਨੂੰ ਵੱਢ ਕੇ ਲੋਕਾਂ ਲਈ ਮੁਸੀਬਤ ਬਣਿਆ ਹੋਇਆ ਹੈ । ਇਸ ਕਾਰਨ ਪਿੰਡ ਵਾਸੀਆਂ ਵਿਚ ਡਰ ਅਤੇ ਚਿੰਤਾ ਦਾ ਮਾਹੌਲ ਹੈ । ਲੋਕਾਂ ਦਾ ਕਹਿਣਾ ਹੈ ਕਿ ਇਸ ਸਮੱਸਿਆ ਬਾਰੇ ਸਬੰਧਤ ਵਿਭਾਗ ਨੂੰ ਕਾਰਵਾਈ ਕਰਕੇ ਬਾਂਦਰ ਨੂੰ ਫੜਨ ਦੀ ਮੰਗ ਕੀਤੀ ਗਈ ਪਰ ਸਮੱਸਿਆ ਦਾ ਹੱਲ ਨਾ ਹੋਣ ਕਾਰਨ ਉਨ੍ਹਾਂ ਨੂੰ ਸੜਕਾਂ 'ਤੇ ਉਤਰ ਕੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ



ਕਿ ਸਬੰਧਤ ਵਿਭਾਗ ਤੁਰੰਤ ਹਰਕਤ ਵਿਚ ਆਵੇ ਅਤੇ ਬਾਂਦਰ ਨੂੰ ਸੁਰੱਖਿਅਤ ਢੰਗ ਨਾਲ ਫੜ ਕੇ ਪਿੰਡ ਵਾਸੀਆਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਸ ਮਾਮਲੇ ਦਾ ਢੁੱਕਵਾਂ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ ਲੋਕਾਂ ਦੀ ਚਿੰਤਾ ਦੂਰ ਨਹੀਂ ਹੋ ਸਕਦੀ । ਜਸਪ੍ਰੀਤ ਸਿੰਘ ਢੱਟ ਦੀ ਅਗਵਾਈ ਹੇਠ ਕੀਤੇ ਗਏ ਇਸ ਰੋਸ ਪ੍ਰਦਰਸ਼ਨ ਦੌਰਾਨ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਕਿ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਬਿਨਾਂ ਦੇਰੀ ਕੀਤੇ ਲੋੜੀਂਦੀ ਕਾਰਵਾਈ ਕੀਤੀ ਜਾਵੇ ।

ਪੰਜਾਬ 'ਚ ਸਖ਼ਤ ਹੋਏ ਟਰੈਫਿਕ ਨਿਯਮ, ਮੌਕੇ 'ਤੇ ਨਹੀਂ ਹੋਵੇਗਾ ਚਲਾਨ, ਅਦਾਲਤ 'ਚ ਹੋਵੇਗਾ ਛੁਟਕਾਰਾ

ਕੌਮੀ ਪੜ੍ਹਿਕਾ

ਜਲੰਧਰ 19 ਨਵੰਬਰ। ਪੰਜਾਬ ਅੰਦਰ ਟ?ਰੈਫਿਕ ਨਿਯਮ ਤੋੜਨ ਵਾਲਿਆਂ 'ਤੇ ਹੁਣ ਹੋਰ ਸਖ਼ਤੀ ਹੋ ਗਈ ਹੈ। ਰੈੱਡ ਲਾਈਟ ਜੰਪ, ਸ਼ਰਾਬ ਪੀ ਕੇ ਗੱਡੀ ਚਲਾਉਣ, ਗਲਤ ਸਾਈਡ ਡਰਾਈਵਿੰਗ ਅਤੇ ਟ੍ਰਿਪਲਿੰਗ ਦੇ ਮਾਮਲਿਆਂ ਵਿਚ ਹੁਣ ਮੌਕੇ 'ਤੇ ਜੁਰਮਾਨਾ ਭਰ ਕੇ ਛੁਟਕਾਰਾ ਨਹੀਂ ਹੋਵੇਗਾ ਸਗੋਂ ਉਲੰਘਣਾਂ ਕਰਨ ਵਾਲੇ ਨੂੰ ਅਦਾਲਤ ਜਾਣਾ ਪਵੇਗਾ। ਇਥੇ ਹੀ ਬਸ ਨਹੀਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਟ?ਰੈਫਿਕ ਪੁਲਸ ਵੱਲੋਂ ਜ਼ੀਰੋ ਅਮਾਊਂਟ ਚਲਾਨ ਕੀਤੇ ਜਾ ਰਹੇ ਹਨ। ਜਿਨ੍ਹਾਂ ਦਾ ਨਿਪਟਾਰਾ ਸਿਰਫ ਅਦਾਲਤ ਰਾਹੀਂ ਹੀ ਹੋ ਸਕਦਾ ਹੈ। ਪਹਿਲਾਂ ਵਾਹਨ ਚਾਲਕ ਕਈ ਮਾਮਲਿਆਂ ਵਿਚ ਮੌਕੇ 'ਤੇ 500 ਜਾਂ 1,000 ਰੁਪਏ ਦੇ ਕੇ ਚਲਾਨ ਭੁਗਤ ਲੈਂਦੇ ਸਨ ਅਤੇ ਉਨ੍ਹਾਂ ਦਾ ਆਸਾਨੀ ਨਾਲ ਛੁਟਕਾਰਾ ਹੋ ਜਾਂਦਾ ਸੀ ਪਰ ਹੁਣ ਉਨ੍ਹਾਂ ਨੂੰ ਭੁਗਤਾਨ ਦੀ ਪ੍ਰਕਿਰਿਆ ਪੂਰੀ ਕਰਨ ਲਈ ਅਦਾਲਤ ਜਾਣਾ ਪਵੇਗਾ। ਇਥੇ ਹੀ ਬਸ ਨਹੀਂ ਕਈ



ਮਾਮਲਿਆਂ ਵਿਚ ਚਲਾਨ ਭੁਗਤਣ ਸੰਬੰਧੀ ਜਾਣਕਾਰੀ ਨਾ ਮਿਲਣ ਕਾਰਣ ਵਾਹਨ ਚਾਲਕਾਂ ਨੂੰ ਆਰ. ਟੀ. ਓ. ਦਫਤਰ ਅਤੇ ਟ?ਰੈਫਿਕ ਥਾਣੇ ਦੇ ਚੱਕਰ ਵੀ ਕੱਟਣੇ ਪੈ ਰਹੇ ਹਨ। ਜ਼ੀਰੋ ਅਮਾਊਂਟ ਦੇ ਚਲਾਨ ਨੂੰ ਲੈ ਕੇ ਵਾਹਨ ਚਾਲਕਾਂ ਵਿਚ ਸ਼ਸ਼ੋਪੰਜ ਹੈ। ਚਲਾਨ 'ਤੇ ਜੁਰਮਾਨੇ ਦੀ ਰਾਸ਼ੀ ਜ਼ੀਰੋ ਦਿਖਾਈ ਦੇਣ ਕਾਰਣ ਕੁਝ ਲੋਕ ਇਸ ਨੂੰ ਬਿਨਾਂ ਜੁਰਮਾਨੇ ਵਾਲਾ ਚਲਾਨ ਸਮਝ ਰਹੇ ਹਨ। ਪ੍ਰੇਸ਼ਾਨੀ ਉਦੋਂ ਵੱਧ ਰਹੀ ਹੈ, ਜਦੋਂ ਵਾਹਨ ਚਾਲਕ ਚਲਾਨ ਭੁਗਤਣ ਲਈ ਆਰਟੀਓ ਦਫਤਰ ਪਹੁੰਚ ਰਿਹਾ ਹੈ ਪਰ ਉਥੇ ਉਸ ਨੂੰ ਟ?ਰੈਫਿਕ ਥਾਣੇ ਭੇਜ ਦਿੱਤਾ ਜਾ ਰਿਹਾ ਹੈ। ਟ?ਰੈਫਿਕ ਥਾਣੇ ਵਿਚ ਰਿਕਾਰਡ ਨਾ ਮਿਲਣ 'ਤੇ ਉਸ ਨੂੰ ਵਾਪਸ ਆਰਟੀਓ ਦਫਤਰ ਜਾਣ ਲਈ ਕਿਹਾ ਜਾ ਰਿਹਾ ਹੈ। ਬਾਅਦ ਵਿਚ ਉਸ ਨੂੰ ਪਤਾ ਲੱਗਦਾ ਹੈ ਕਿ ਚਲਾਨ ਦਾ ਨਿਪਟਾਰਾ ਅਦਾਲਤ ਵਿਚ ਹੋਣਾ ਹੈ। ਫਿਰ ਅਦਾਲਤ ਜਾ ਕੇ ਹੀ ਛੁਟਕਾਰਾ ਹੋ ਰਿਹਾ ਹੈ। ਜਿਹੜੇ ਵਾਹਨ ਚਾਲਕ ਵਾਰ-ਵਾਰ ਨਿਯਮਾਂ ਦੀ ਉਲੰਘਣਾ ਕਰਨਗੇ, ਉਨ੍ਹਾਂ ਉਪਰ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ। ਇਸ ਵਿਚ ਜੁਰਮਾਨਾ ਲੱਗਣ ਦੇ ਨਾਲ ਨਾਲ ਲਾਇਸੈਂਸ ਰੱਦ ਹੋ ਸਕਦਾ ਹੈ।

ਲੁਧਿਆਣਾ ਹਾਈਵੇਅ 'ਤੇ ਭਿਆਨਕ ਹਾਦਸਾ: ਅਣਪਛਾਤੇ ਵਾਹਨ ਨੇ ਬਾਈਕ ਸਵਾਰ ਨੂੰ ਕੁਚਲਿਆ

ਲੁਧਿਆਣਾ 19 ਨਵੰਬਰ। ਲੁਧਿਆਣਾ ਵਿੱਚ ਜਲੰਧਰ ਬਾਈਪਾਸ ਤੋਂ ਅੱਗੇ ਐਲਡੇਕੋ ਨੇੜੇ ਹਾਈਵੇਅ 'ਤੇ ਇੱਕ ਭਿਆਨਕ ਹਾਦਸਾ ਵਾਪਰ ਗਿਆ। ਹਾਈਵੇ 'ਤੇ ਇਕ ਅਣਪਛਾਤੇ ਵਾਹਨ ਵੱਲੋਂ ਇਕ ਬਾਈਕ ਸਵਾਰ ਨੂੰ ਟੱਕਰ ਮਾਰ ਕੇ ਕੁਚਲ ਦਿੱਤਾ ਗਿਆ ਜਿਸ ਨਾਲ ਬਾਈਕ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਆਸ-ਪਾਸ ਮੌਜੂਦ ਲੋਕਾਂ ਤੋਂ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਸੜਕ ਤੋਂ ਲਾਸ਼ ਅਤੇ ਮੋਟਰਸਾਈਕਲ ਨੂੰ ਹਟਾ ਕੇ ਆਵਾਜਾਈ ਬਹਾਲ ਕੀਤੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐਲਡੇਕੋ ਪੁਲਸ ਚੌਕੀ ਦੇ ਇੰਚਾਰਜ ਮੇਜਰ ਸਿੰਘ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਮ੍ਰਿਤਕ ਕੋਲੋਂ ਕੋਈ ਮੋਬਾਈਲ ਫ਼ੋਨ ਜਾਂ ਪਛਾਣ-ਪੱਤਰ ਨਹੀਂ ਮਿਲਿਆ ਹੈ। ਅਜਿਹਾ ਲੱਗਦਾ ਹੈ ਕਿ ਇਹ ਵਿਅਕਤੀ ਸ਼ਾਇਦ ਕੋਈ ਮਰੀਜ਼ ਸੀ, ਕਿਉਂਕਿ ਉਸ ਦੇ ਸਰੀਰ ਨਾਲ ਪਿਸ਼ਾਬ ਇਕੱਠਾ ਕਰਨ ਵਾਲਾ ਬੈਗ ਲੱਗਿਆ ਹੋਇਆ ਸੀ। ਲਾਸ਼ ਨੂੰ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ ਹੈ। ਉਸ ਦੀ ਪਛਾਣ ਅਗਲੇਰੀ ਜਾਂਚ ਤੋਂ ਬਾਅਦ ਹੀ ਹੋ ਸਕੇਗੀ।

ਮਾਮੂਲੀ ਬਹਿਸ ਨੇ ਧਾਰਿਆ ਖੂਨੀ ਰੂਪ, 4-5 ਅਣਪਛਾਤੇ ਹਮਲਾਵਰਾਂ ਵੱਲੋਂ ਵਿਅਕਤੀ ਦਾ ਕਤਲ

ਅੰਮ੍ਰਿਤਸਰ 19 ਨਵੰਬਰ। ਸੁਲਤਾਨਵਿੰਡ ਰੋਡ 'ਤੇ ਕਾਰ ਸਵਾਰ ਕੁਝ ਨੌਜਵਾਨਾਂ ਵੱਲੋਂ ਇੱਕ ਵਿਅਕਤੀ ਨਾਲ ਬਹਿਸਬਾਜ਼ੀ ਤੋਂ ਬਾਅਦ ਕਾਫ਼ੀ ਕੁੱਟਮਾਰ ਕੀਤੀ



ਗਈ, ਜਿਸ ਨੂੰ ਇਲਾਜ ਲਈ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਪਰ ਜ਼ਖਮੀ ਵਿਅਕਤੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆ ਦਮ ਤੋੜ ਗਿਆ। ਮ੍ਰਿਤਕ ਦੀ ਪਛਾਣ ਗਗਨਦੀਪ ਸਿੰਘ ਵਜੋਂ ਹੋਈ ਹੈ। ਇਸ ਸਬੰਧ 'ਚ ਥਾਣਾ ਬੀ ਡਵੀਜ਼ਨ ਦੀ ਪੁਲਸ ਨੇ ਕਾਰਵਾਈ ਕਰਦਿਆਂ ਅਣਪਛਾਤੇ ਹਮਲਾਵਰਾਂ ਖ਼?ਲਾਫ਼ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਮ੍ਰਿਤਕ ਦੇ ਚਚੇਰੇ ਭਰਾ ਗੁਰਦੀਪ ਸਿੰਘ ਵਾਸੀ ਪਿੰਡ ਘਸੀਟਪੁਰ ਨੇ ਦੱਸਿਆ ਕਿ ਮ੍ਰਿਤਕ ਗਗਨਦੀਪ ਲੇਬਰ ਦਾ ਕੰਮ ਕਰਦਾ ਸੀ। ਉਹ 20 ਅਕਤੂਬਰ ਦੁਸਹਿਰੇ ਵਾਲੇ ਦਿਨ ਸ਼ਾਮ ਦੇ 6-6:30 ਵਜੇ ਕੁਝ ਸਾਮਾਨ ਲੈਣ ਲਈ ਸੌ ਫੁੱਟੀ ਚੌਕ ਸੁਲਤਾਨਵਿੰਡ ਰੋਡ ਗਿਆ ਤਾਂ ਉੱਥੇ ਇੱਕ ਕਾਰ 'ਚ 4-5 ਲੋਕ ਸਵਾਰ ਹੋ ਕੇ ਆਏ ਅਤੇ ਉਸ ਨਾਲ ਬਹਿਸਬਾਜ਼ੀ ਕਰਨ ਲੱਗ ਪਏ। ਇਸ ਤੋਂ ਬਾਅਦ ਉਨ੍ਹਾਂ ਨੇ ਹਥਿਆਰਾਂ ਨਾਲ ਗਗਨਦੀਪ ਸਿੰਘ 'ਤੇ ਵਾਰ ਕਰ ਦਿੱਤੇ। ਗਗਨਦੀਪ ਸਿੰਘ ਨੂੰ ਕਾਫ਼ੀ ਜ਼ਖਮੀ ਕਰਨ ਤੋਂ ਬਾਅਦ ਉਹ ਆਪਣੀ ਕਾਰ ਸਮੇਤ ਉੱਥੋਂ ਫ਼ਰਾਰ ਹੋ ਗਏ। ਜ਼ਖਮੀ ਗਗਨਦੀਪ ਸਿੰਘ ਨੂੰ ਗੁਰੂ ਨਾਨਕ ਦੇਵ ਹਸਪਤਾਲ 'ਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆ ਦਮ ਤੋੜ ਗਿਆ। ਪੁਲਸ ਨੇ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਗਊ ਦਾ ਮਾਸ ਖਾਣ 'ਤੇ ਜਾਤੀਗਤ ਪ੍ਰੇਸ਼ਾਨ ਕੀਤੇ ਜਾਣ ਕਾਰਨ ਵਿਦਿਆਰਥੀ ਨੇ ਕੀਤੀ ਖੁਦਕੁਸ਼ੀ

ਕੋਇੰਬਟੂਰ 19 ਨਵੰਬਰ। ਤਾਮਿਲਨਾਡੂ ਦੇ ਕੋਇੰਬਟੂਰ ਸ਼ਹਿਰ 'ਚ 11ਵੀਂ ਜਮਾਤ ਦੇ ਵਿਦਿਆਰਥੀ ਨੇ ਕਥਿਤ ਤੌਰ 'ਤੇ ਜਾਤੀਗਤ ਭੇਦਭਾਵ ਅਤੇ ਗਊ ਦਾ ਮਾਸ ਖਾਣ

ਬਿਲਡਰ ਤੋਂ 10 ਕਰੋੜ ਦੀ ਫਿਰੌਤੀ ਮੰਗਣ ਵਾਲੇ ਤਰਨਤਾਰਨ ਦੇ 2 ਨੌਜਵਾਨ ਕਾਬੂ, ਦੇਸੀ ਪਿਸਤੌਲ ਤੇ ਸਿਮ ਕਾਰਡ ਬਰਾਮਦ

ਕੌਮੀ ਪੜ੍ਹਿਕਾ

ਚੰਡੀਗੜ੍ਹ 19 ਨਵੰਬਰ। ਬਿਲਡਰ ਤੋਂ 10 ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ਵਿਚ ਚੰਡੀਗੜ੍ਹ ਪੁਲਸ ਨੇ 2 ਨੌਜਵਾਨਾਂ ਨੂੰ ਸੈਕਟਰ-18 ਹਾਕੀ ਸਟੇਡੀਅਮ ਨੇੜਿਓਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਤਰਨਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ ਵਾਸੀ ਅਰਨਦੀਪ ਸਿੰਘ ਅਤੇ ਬੰਟੀ ਉਰਫ਼ ਬੰਟੀ ਅਟਵਾਲ ਉਰਫ਼ ਸੰਨੀ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਇਕ ਦੇਸੀ ਪਿਸਤੌਲ, 2 ਕਾਰਤੂਸ ਅਤੇ ਧਮਕੀ ਦੇਣ 'ਚ ਵਰਤੇ ਗਏ ਮੋਬਾਈਲ ਫ਼ੋਨ ਤੇ ਸਿਮ ਕਾਰਡ ਬਰਾਮਦ ਕੀਤੇ ਹਨ। ਪੁਲਸ ਮੁਤਾਬਕ ਮੁਲਜ਼ਮਾਂ ਨੇ ਬਿਲਡਰ ਨੂੰ ਧਮਕੀ ਭਰੇ ਫੋਨ ਕੀਤੇ ਸਨ। ਕਾਲ ਦਾ ਜਵਾਬ ਨਾ ਮਿਲਣ 'ਤੇ ਰਿਕਾਰਡ ਕੀਤਾ ਧਮਕੀ ਭਰਿਆ ਵੌਇਸ ਮੈਸੇਜ ਵੀ ਭੇਜਿਆ ਗਿਆ। ਜਾਂਚ ਵਿਚ ਵਿਦੇਸ਼ ਵਿਚ ਬੈਠੇ ਗੈਂਗਸਟਰ ਰਾਜ ਜੋਬਨ ਦੇ ਇਸ਼ਾਰੇ 'ਤੇ ਫਿਰੌਤੀ ਮੰਗਣ ਦਾ ਖ਼ਦਸ਼ਾ ਹੈ। ਹਾਲਾਂਕਿ ਗੈਂਗਸਟਰ ਨਾਲ ਕਥਿਤ ਸਬੰਧਾਂ ਤੇ ਹੋਰ ਮੁਲਜ਼ਮਾਂ ਦੀ ਭੂਮਿਕਾ ਦੀ ਜਾਂਚ ਜਾਰੀ ਹੈ। ਪੁਲਸ ਅਨੁਸਾਰ ਬਿਲਡਰ ਤੋਂ ਫਿਰੌਤੀ ਮੰਗਣ ਤੇ ਧਮਕੀ ਦੇਣ ਦੇ ਸਬੰਧ ਵਿਚ 14 ਅਕਤੂਬਰ ਨੂੰ ਸੈਕਟਰ-19 ਥਾਣੇ ਵਿਚ ਐੱਫ. ਆਈ. ਆਰ. ਦਰਜ ਕੀਤੀ ਗਈ ਸੀ।



ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ ਗਈ, ਜਿਸ ਨੇ ਤਕਨੀਕੀ ਜਾਂਚ ਤੇ ਨਿਗਰਾਨੀ ਦੇ ਆਧਾਰ 'ਤੇ ਤਰਨਤਾਰਨ, ਅੰਮ੍ਰਿਤਸਰ ਸਮੇਤ ਵੱਖ-ਵੱਖ ਸਥਾਨਾਂ 'ਤੇ ਮੁਲਜ਼ਮਾਂ ਦੀ ਭਾਲ ਕੀਤੀ। ਜਾਂਚ ਵਿਚ ਦੋਸ਼ ਹੈ ਕਿ ਅਰਨਦੀਪ ਸਿੰਘ ਕਥਿਤ ਤੌਰ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਸਿਮ ਕਾਰਡ ਮੁਹੱਈਆ ਕਰਵਾਉਂਦਾ ਸੀ। ਇਸ ਦੇ ਲਈ ਉਹ ਲੋਕਾਂ ਦੇ ਪਛਾਣ ਪੱਤਰਾਂ (ਆਧਾਰ ਕਾਰਡ), ਫ਼ੋਟੋਆਂ ਅਤੇ ਨਿੱਜੀ ਜਾਣਕਾਰੀ ਦੀ ਵਰਤੋਂ ਕਰਦਾ ਸੀ। ਪੁਲਸ ਅਨੁਸਾਰ ਇਨ੍ਹਾਂ ਸਿਮ ਕਾਰਡਾਂ ਦੀ ਵਰਤੋਂ ਧਮਕੀ ਦੇਣ ਲਈ ਕੀਤੀ ਜਾਂਦੀ ਸੀ। ਦੂਜਾ ਮੁਲਜ਼ਮ ਬੰਟੀ ਕਥਿਤ ਤੌਰ 'ਤੇ ਗੈਂਗਸਟਰਾਂ ਦੇ ਸੰਪਰਕ ਵਿਚ ਸੀ ਅਤੇ ਸਨੈਪਚੈਟ ਸਮੇਤ ਹੋਰ ਮੋਬਾਈਲ ਐਪਾਂ ਰਾਹੀਂ ਗੱਲਬਾਤ ਕਰਦਾ ਸੀ। ਪੁਲਸ ਮੁਤਾਬਕ ਮੁਲਜ਼ਮਾਂ ਦੇ ਖੁਲਾਸੇ ਵਿਚ ਬਿਲਡਰ ਤੋਂ 10 ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਨਿਰਦੇਸ਼ ਮਿਲਣ ਦੀ ਗੱਲ ਸਾਹਮਣੇ ਆਈ ਹੈ। ਜਾਂਚ ਦੌਰਾਨ ਹਥਿਆਰਾਂ ਦੀ ਸਪਲਾਈ ਅਤੇ ਬਿਲਡਰ ਦੇ ਘਰ 'ਤੇ ਫਾਇਰਿੰਗ ਦੀ ਕਥਿਤ ਯੋਜਨਾ ਨਾਲ ਸਬੰਧਤ ਜਾਣਕਾਰੀ ਵੀ ਮਿਲੀ ਹੈ। ਪੁਲਸ ਨੇ ਦੱਸਿਆ ਕਿ ਬੰਟੀ ਦੀ ਨਿਸ਼ਾਨਦੇਹੀ 'ਤੇ 21 ਅਕਤੂਬਰ ਨੂੰ ਤਰਨਤਾਰਨ ਤੋਂ ਧਮਕੀ ਦੇਣ ਲਈ ਵਰਤਿਆ ਸਿਮ ਕਾਰਡ ਅਤੇ 22 ਅਕਤੂਬਰ ਨੂੰ ਮੋਬਾਈਲ ਫ਼ੋਨ ਬਰਾਮਦ ਕੀਤਾ ਗਿਆ। ਪੁਲਸ ਅਨੁਸਾਰ ਅਰਨਦੀਪ ਸਿੰਘ ਨੂੰ 22 ਅਕਤੂਬਰ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ, ਜਦਕਿ ਬੰਟੀ ਤੋਂ ਪੁੱਛਗਿੱਛ ਲਈ ਰਿਮਾਂਡ ਵਧਾਉਣ ਦੀ ਪ੍ਰਕਿਰਿਆ ਜਾਰੀ ਹੈ।

ਸਿਵਲ ਹਸਪਤਾਲ 'ਚ ਇਲਾਜ ਲਈ ਦਾਖਲ NDPS ਕੇਸ ਦਾ ਹਵਾਲਾਤੀ ਫਰਾਰ, 21 ਕਿੱਲੋ ਹੈਰੋਇਨ ਦੇ ਕੇਸ 'ਚ ਬੰਦ ਸੀ ਰੰਮੀ

ਫਿਰੋਜ਼ਪੁਰ 19 ਨਵੰਬਰ। ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ ਗਿਆ ਇੱਕ ਹਵਾਲਾਤੀ ਪੁਲਿਸ ਗਾਰਡ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਕੈਦੀ ਦੇ ਹਸਪਤਾਲ ਵਿੱਚੋਂ ਫਰਾਰ ਹੋਣ ਦੀ ਘਟਨਾ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ । ਫਰਾਰ ਹੋਏ ਹਵਾਲਾਤੀ ਦੀ ਪਛਾਣ ਰਮਨਦੀਪ ਸਿੰਘ ਉਰਫ਼ ਰੰਮੀ ਪੁੱਤਰ ਪ੍ਰੇਮ ਸਿੰਘ ਵਾਸੀ ਵਾਰਡ ਨੰਬਰ 3, ਮੱਲਾਂ ਵਾਲਾ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਹਵਾਲਾਤੀ ਖ਼?ਲਾਫ਼ ਨਸ਼ਾ ਤਸਕਰੀ ਨਾਲ ਸਬੰਧਤ ਐਨ ਡੀ ਪੀ ਐਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਸਿਹਤ ਸਬੰਧੀ ਸਮੱਸਿਆ ਕਾਰਨ ਉਸ ਨੂੰ ਇਲਾਜ ਲਈ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਸੁਰੱਖਿਆ ਲਈ ਪੁਲਿਸ ਗਾਰਡ ਤਾਇਨਾਤ ਕੀਤਾ ਗਿਆ ਸੀ। ਹਸਪਤਾਲ ਦੇ ਏਸ ਐਮ ਓ ਡਾਕਟਰ ਨਿਖਿਲ ਗੁਪਤਾ ਨੇ ਦੱਸਿਆ ਕਿ ਹਵਾਲਾਤੀ ਰਮਨਦੀਪ ਸਿੰਘ ਦੀ ਲੱਤ ਵਿਚ ਰਾਡ ਪਾਈ ਹੋਈ ਸੀ । ਬੀਤੇ ਦਿਨੀਂ ਉਹ ਲੱਤ ਵਿਚ ਦਰਦ ਹੋਣ ਦਾ ਆਖ ਕੇ ਹਸਪਤਾਲ ਆਇਆ ਸੀ । ਇੱਥੋ ਉਸ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਉੱਥੇ ਤਾਇਨਾਤ ਪੁਲਿਸ ਗਾਰਡ ਨੂੰ ਚਕਮਾ ਦੇ ਕੇ ਫਰਾਰ ਹੋਣ ਵਿੱਚ ਸਫ਼ਲ ਹੋ ਗਿਆ। ਘਟਨਾ ਦਾ ਪਤਾ ਲੱਗਦਿਆਂ ਹੀ ਪੁਲਿਸ ਮੁਲਾਜ਼ਮਾਂ ਵੱਲੋਂ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਇਸ ਘਟਨਾ ਨੇ ਹਸਪਤਾਲ ਵਿੱਚ ਇਲਾਜ ਅਧੀਨ ਹਵਾਲਾਤੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਨਿਗਰਾਨੀ ਲਈ ਕੀਤੇ ਜਾਂਦੇ ਪੁਲਿਸ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਖ਼ਾਸ ਤੌਰ 'ਤੇ ਇਹ ਜਾਂਚ ਦਾ ਵਿਸ਼ਾ ਬਣ ਗਿਆ ਹੈ ਕਿ ਪੁਲਿਸ ਗਾਰਡ ਦੀ ਮੌਜੂਦਗੀ ਦੇ ਬਾਵਜੂਦ ਹਵਾਲਾਤੀ ਕਿਵੇਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ।

ਫਿਲੌਰ ਪੁਲਸ ਵੱਲੋਂ ਡੇਚ ਕਿੱਲੋ ਅਫੀਮ ਸਮੇਤ ਮੁਲਜ਼ਮ ਕਾਬੂ

ਫਿਲੌਰ 19 ਨਵੰਬਰ। ਫਿਲੌਰ ਪੁਲਸ ਨੇ ਨਸ਼ੇ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ 1 ਕਿਲੋ 500 ਗ੍ਰਾਮ ਅਫੀਮ ਸਮੇਤ ਮੱਧ ਪ੍ਰਦੇਸ਼ ਨਿਵਾਸੀ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਮੁਤਾਬਕ ਡੀ.ਐੱਸ.ਪੀ. ਸਬ ਡਵੀਜ਼ਨ ਫਿਲੌਰ ਭਰਤ ਮਸੀਹ ਨੇ ਦੱਸਿਆ ਕਿ ਥਾਣਾ ਮੁਖੀ ਬਲਵਿੰਦਰ ਸਿੰਘ ਭੁੱਲਰ ਦੀ ਅਗਵਾਈ ਵਿਚ ਪੁਲਸ ਟੀਮ ਨੇ ਵਿਸ਼ੇਸ਼ ਮੁਹਿੰਮ ਚਲਾਈ। ਇਸ ਦੌਰਾਨ ਪਿੰਡ ਗੰਨਾ ਤੋਂ ਇਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕੀਤਾ ਗਿਆ। ਜਦੋਂ ਪੁਲਸ ਨੇ ਉਸ ਦੀ ਤਲਾਸ਼ੀ ਲਈ ਤਾ ਉਸ ਕੋਲੋਂ 1 ਕਿਲੋ 500 ਗ੍ਰਾਮ ਅਫੀਮ ਬਰਾਮਦ ਹੋਈ। ਡੀ.ਐੱਸ.ਪੀ. ਨੇ ਦੱਸਿਆ ਕਿ ਮੁਲਜ਼ਮ ਪੰਕਜ ਕੁਮਾਰ ਪੁੱਤਰ ਗੋਪਾਲ ਸੁਥਾਰ ਨਿਵਾਸੀ ਪਿੰਡ ਧਾਰੜੀ, ਥਾਣਾ ਸਿੰਗੋਲੀ, ਮੱਧ ਪ੍ਰਦੇਸ਼ ਨੂੰ ਗ੍ਰਿਫਤਾਰ ਕਰਕੇ ਉਸ ਦੇ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਡੀ.ਐੱਸ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਪਿਛਲੇ ਕਈ ਸਾਲਾਂ ਤੋਂ ਮੱਧ ਪ੍ਰਦੇਸ਼ ਤੋਂ ਅਫੀਮ ਲਿਆ ਕੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਸ ਵੱਲੋਂ ਉਸ ਤੋਂ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ ਤਾਂ ਕਿ ਨਸ਼ਾ ਸਮੱਗਲਿੰਗ ਨਾਲ ਜੁੜੇ ਹੋਰ ਲੋਕਾਂ ਦੇ ਪੂਰੇ ਨੈੱਟਵਰਕ ਦੀ ਜਾਣਕਾਰੀ ਹਾਸਲ ਕੀਤੀ ਜਾ ਸਕੇ। ਡੀ.ਐੱਸ.ਪੀ. ਭਰਤ ਮਸੀਹ ਨੇ ਕਿਹਾ ਕਿ ਨਸ਼ਾ ਕੇਵਲ ਇਕ ਵਿਅਕਤੀ ਨੂੰ ਨਹੀਂ, ਪੂਰੇ ਸਮਾਜ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬਰਬਾਦ ਕਰਦਾ ਹੈ। ਇਸ ਲਈ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਦੇ ਖਿਲਾਫ ਪੁਲਸ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤੇਗੀ। ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਦੇ ਆਸ ਪਾਸ ਕੋਈ ਵਿਅਕਤੀ ਨਸ਼ੇ ਦਾ ਕਾਰੋਬਾਰ ਕਰਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦੇਣਾ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that I INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

PUBLIC NOTICE
My client Narender Kumar Chauhan S/O Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable

ਸਾਇੰਸ ਸਟ੍ਰੀਮ ਨਾਲ ਬਾਰ੍ਹਵੀਂ ਕਰਨ ਵਾਲੇ ਵਿਦਿਆਰਥੀਆਂ ਦੀ ਆਮ ਧਾਰਨਾ ਹੈ ਕਿ ਜਿਹੜੇ ਵਿਦਿਅਰਥੀਆਂ ਨੇ ਮੈਥਸ ਨੂੰ ਮੁੱਖ ਵਿਸ਼ੇ ਦੇ ਤੌਰ 'ਤੇ ਚੁਣਿਆ ਹੈ, ਉਹੀ ਇੰਜੀਨੀਅਰਿੰਗ ਦੇ ਖੇਤਰ 'ਚ ਸ਼ਾਮਲ ਹੋ ਸਕਦੇ ਹਨ ਤੇ ਜਿਨ੍ਹਾਂ ਨੇ ਬਾਇਓਲੌਜੀ ਵਿਸ਼ੇ ਨਾਲ ਬਾਰ੍ਹਵੀਂ ਕੀਤੀ ਹੈ, ਉਹ ਮੈਡੀਕਲ ਦੇ ਖੇਤਰ 'ਚ ਕਰੀਅਰ ਬਣਾ ਸਕਦੇ ਹਨ, ਲੇਕਿਨ ਬਾਇਓਲੌਜੀ ਦੇ ਵਿਦਿਆਰਥੀ ਵੀ ਇੰਜੀਨੀਅਰ ਦੇ ਤੌਰ 'ਤੇ ਆਪਣਾ ਕਰੀਅਰ ਬਣਾ ਸਕਦੇ ਹਨ। ਆਓ, ਜਾਣਦੇ ਹਾਂ ਇੰਜੀਨੀਅਰਿੰਗ ਦੀਆਂ ਅਜਿਹੀਆਂ ਪੰਜ ਸ਼ਾਖਾਵਾਂ ਬਾਰੇ, ਜਿੱਥੇ ਬਾਇਓਲੌਜੀ ਦੇ ਵਿਦਿਆਰਥੀਆਂ ਲਈ ਵੀ ਵੱਡੀਆਂ ਸੰਭਾਵਨਾਵਾਂ ਹਨ...











ਬਾਇਓਲੌਜੀ ਦੇ ਵਿਦਿਆਰਥੀ ਵੀ ਬਣ ਸਕਦੇ ਨੇ ਇੰਜੀਨੀਅਰ

ਜੈਨੇਟਿਕ ਇੰਜੀਨੀਅਰਿੰਗ

ਜੈਨੇਟਿਕ ਇੰਜੀਨੀਅਰਿੰਗ ਵਿਗਿਆਨ ਦੀ ਆਧੁਨਿਕ ਬ੍ਰਾਂਚ ਹੈ। ਇਹ ਖੇਤਰ ਬਾਇਓ-ਟੈਕਨਾਲੋਜੀ ਅਧੀਨ ਆਉਂਦਾ ਹੈ। ਇਸ ਵਿਚ ਪ੍ਰਾਣੀਆਂ ਦੀ ਡੀਐੱਨਏ ਬਣਤਰ ਨੂੰ ਆਧੁਨਿਕ ਤਕਨੀਕਾਂ ਜ਼ਰੀਏ ਤਬਦੀਲ ਕੀਤਾ ਜਾਂਦਾ ਹੈ। ਜੈਨੇਟਿਕ ਤਕਨੀਕਾਂ ਜ਼ਰੀਏ ਜੀਨਜ਼ ਦੀ ਮਦਦ ਨਾਲ ਪੇੜ-ਪੌਦੇ, ਜਾਨਵਰ ਤੇ ਇਨਸਾਨ ਅੰਦਰ ਨਵੇਂ ਗੁਣ ਵਿਕਸਿਤ ਕੀਤੇ ਜਾਂਦੇ ਹਨ।

ਕੋਰਸ ਅਤੇ ਯੋਗਤਾ : ਇਸ ਖੇਤਰ 'ਚ ਕਰੀਅਰ ਬਣਾਉਣ ਲਈ ਜੈਨੇਟਿਕਸ ਜਾਂ ਇਸ ਨਾਲ ਸਬੰਧਤ ਖੇਤਰ 'ਚ ਵਿਦਿਆਰਥੀ ਦਾ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਹੋਣਾ ਲਾਜ਼ਮੀ ਹੈ, ਜਿਵੇਂ- ਬਾਇਓ ਟੈਕਨਾਲੋਜੀ, ਮੌਲੀਕਿਊਲਰ ਬਾਇਓਲੋਜੀ, ਮਾਈਕਰੋ ਬਾਇਓਲੋਜੀ ਤੇ ਬਾਇਓ ਕੈਮਿਸਟਰੀ ਆਦਿ। ਜ਼ਿਆਦਾਤਰ ਯੂਨੀਵਰਸਿਟੀਆਂ ਤੇ ਸੰਸਥਾਵਾਂ 'ਚ ਜੈਨੇਟਿਕ ਇੰਜੀਨੀਅਰਿੰਗ ਲਈ ਵੱਖਰਾ ਕੋਰਸ ਨਹੀਂ ਕਰਵਾਇਆ ਜਾਂਦਾ ਪਰ ਇਸ ਦੀ ਪੜ੍ਹਾਈ ਬਾਇਓ ਟੈਕਨਾਲੋਜੀ, ਮਾਈਕਰੋ ਬਾਇਓਲੋਜੀ, ਬਾਇਓ ਕੈਮਿਸਟਰੀ 'ਚ ਸਹਾਇਕ ਵਿਸ਼ੇ ਦੇ ਤੌਰ 'ਤੇ ਹੁੰਦੀ ਹੈ।

ਰੁਜ਼ਗਾਰ ਦੇ ਮੌਕੇ : ਇਹ ਕੋਰਸ ਕਰਨ ਤੋਂ ਬਾਅਦ ਮੈਡੀਕਲ ਤੇ ਫਾਰਮਾਸਿਊਟੀਕਲਜ਼ ਕੰਪਨੀ, ਐਗਰੀਕਲਚਰ, ਨਿੱਜੀ ਤੇ ਸਰਕਾਰੀ ਖੋਜ ਅਤੇ ਵਿਕਾਸ ਖੇਤਰਾਂ 'ਚ ਨੌਕਰੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਾਇਓਟੈੱਕ ਲੈਬੋਰੇਟਰੀ 'ਚ ਖੋਜ, ਐਨੀਮਲ ਹਸਬੈਂਡਰੀ, ਡੇਅਰੀ ਫਾਰਮਿੰਗ, ਮੈਡੀਸਨ ਦੇ ਖੇਤਰ 'ਚ ਵੀ ਰੁਜ਼ਗਾਰ ਦੇ ਬਿਹਤਰੀਨ ਮੌਕੇ ਹੁੰਦੇ ਹਨ।

ਮੁੱਖ ਸੰਸਥਾਵਾਂ

- ਆਈਆਈਟੀ, ਦਿੱਲੀ, ਖੜਗਪੁਰ, ਗੁਵਾਹਾਟੀ।
- ਰਾਜੇਂਦਰ ਐਗਰੀਕਲਚਰਲ ਯੂਨੀਵਰਸਿਟੀ, ਬਿਹਾਰ।

ਬਾਇਓ ਟੈਕਨਾਲੋਜੀ ਇੰਜੀਨੀਅਰਿੰਗ

ਬਾਇਓ ਟੈਕਨਾਲੋਜੀ ਦੀ ਵਰਤੋਂ ਰੁੱਖਾਂ-ਬੂਟਿਆਂ ਤੇ ਜਾਨਵਰਾਂ ਦੇ ਨਸਲ ਸੁਧਾਰ, ਖ਼ੁਰਾਕੀ ਪਦਾਰਥਾਂ ਆਦਿ ਦੀ ਗੁਣਵੱਤਾ ਤੇ ਉਤਪਾਦਨ ਵਧਾਉਣ ਲਈ ਕੀਤੀ ਜਾਂਦੀ ਹੈ। ਮੈਡੀਕਲ ਸਾਇੰਸ 'ਚ ਬਾਇਓ ਟੈਕਨਾਲੋਜੀ ਦਾ ਫ਼ਾਇਦਾ ਦਵਾਈਆਂ ਦੇ ਉਤਪਾਦਨ, ਪਿਤਾ-ਪੁਰਖੀ ਗੁਣਾਂ ਦੀ ਜਾਂਚ ਤੇ ਜੀਨ-ਥੈਰੇਪੀ ਵਿਚ ਹੁੰਦਾ ਹੈ। ਬਾਇਓ ਟੈਕਨਾਲੋਜਿਸਟ ਪ੍ਰਾਣੀਆਂ ਅਤੇ ਉਤਪਾਦਾਂ 'ਚ ਤਬੀਲੀਆਂ ਕਰ ਕੇ ਇਸ ਦੀ ਵਰਤੋਂ ਮਨੁੱਖੀ ਸਿਹਤ 'ਚ ਸੁਧਾਰ ਲਈ ਕਰਦੇ ਹਨ। ਉਹ ਤਕਨੀਕ ਦੀ ਮਦਦ ਨਾਲ ਬੀਜਾਂ ਨੂੰ ਜ਼ਿਆਦਾ ਸਮੇਂ ਤਕ ਸੁਰੱਖਿਅਤ ਰੱਖਣ, ਰੁੱਖਾਂ/ਫ਼ਸਲਾਂ ਨੂੰ ਬਿਮਾਰੀਆਂ ਤੋਂ ਬਚਾਉਣ, ਫ਼ਸਲੀ ਦੇ ਉਤਪਾਦਨ ਤੇ ਪੌਸ਼ਟਿਕਤਾ 'ਚ ਵਾਧੇ ਲਈ ਵੀ ਕੰਮ ਕਰਦੇ ਹਨ।

ਕੋਰਸ ਅਤੇ ਯੋਗਤਾ : ਕਈ ਸੰਸਥਾਵਾਂ ਵਿਚ ਬਾਇਓ ਟੈਕਨਾਲੋਜੀ 'ਚ ਬੈਚਲਰ ਤੇ ਪੀਜੀ ਪੱਧਰ ਦੇ ਕੋਰਸ ਕਰਵਾਏ ਜਾਂਦੇ ਹਨ। ਇਸ ਖੇਤਰ 'ਚ ਖੋਜ ਵੀ ਕੀਤੀ ਜਾ ਸਕਦੀ ਹੈ। ਬਾਇਓ ਟੈਕਨਾਲੋਜੀ ਦੇ ਬੀਐੱਸਸੀ ਕੋਰਸ 'ਚ ਦਾਖ਼ਲਾ ਲੈਣ ਲਈ ਮਾਨਤਾ ਪ੍ਰਾਪਤ ਸੰਸਥਾਂ ਤੋਂ ਬਾਇਓਲੋਜੀ ਨਾਲ ਸਾਇੰਸ 'ਚ ਬਾਰ੍ਹਵੀਂ ਪਾਸ ਹੋਣਾ ਲਾਜ਼ਮੀ ਹੈ।

ਰੁਜ਼ਗਾਰ ਦੇ ਮੌਕੇ : ਬਾਇਓ ਟੈਕਨਾਲੋਜੀ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਪਲਾਂਟ ਐਂਡ ਐਗਰੀਕਲਚਰ, ਹੈਲਥ ਕੇਅਰ ਡਾਇਗਨੌਸਟਿਕ, ਇੰਡਸਟ੍ਰੀਅਲ ਬਾਇਓ ਟੈਕਨਾਲੋਜੀ, ਇਨਵਾਇਰਮੈਂਟਲ ਪ੍ਰੋਟੈਕਸ਼ਨ ਐਂਡ ਬਾਇਓ ਡਾਇਵਰਸਿਟੀ ਕੰਜ਼ਰਵੇਸ਼ਨ, ਟੀਚਿੰਗ ਐਂਡ ਟ੍ਰੇਨਿੰਗ ਆਦਿ ਖੇਤਰਾਂ 'ਚ ਕੰਮ ਕਰ ਸਕਦੇ ਹਨ। ਫਾਰਮਾ ਇੰਡਸਟਰੀ, ਫੂਡ ਇੰਡਸਟਰੀ, ਮਾਈਕਰੋ ਬਾਇਓਲੋਜੀ ਨਾਲ ਸਬੰਧਤ ਲੈਬ, ਐਗਰੀਕਲਚਰ ਫਰਮ ਤੇ ਇਸ ਨਾਲ ਸਬੰਧਤ ਕੰਪਨੀਆਂ 'ਚ ਸਾਇੰਟਿਸਟ, ਐਨਾਲਿਸਟ, ਐਗਜ਼ੀਕਿਊਟਿਵ ਤੇ ਰਿਸਰਚਰ ਦੇ ਤੌਰ 'ਤੇ ਵੀ ਕੰਮ ਕੀਤਾ ਜਾ ਸਕਦਾ ਹੈ।

ਮੁੱਖ ਸੰਸਥਾਵਾਂ

- ਜਾਮੀਆ ਮਿਲੀਆ ਇਸਲਾਮੀਆ, ਫੈਕਲਟੀ ਆਫ ਨੈਚੁਰਲ ਸਾਇੰਸਿਜ਼, ਨਵੀ ਦਿੱਲੀ।
- ਇੰਸਟੀਚਿਊਟ ਆਫ ਪਬਲਿਕ ਹੈਲਥ ਐਂਡ ਹਾਈਜੀਨ, ਨਵੀ ਦਿੱਲੀ।
- ਇੰਸਟੀਚਿਊਟ ਆਫ ਪਲਾਈਡ ਮੈਡੀਸਨ ਐਂਡ ਰਿਸਰਚ, ਉੱਤਰ ਪ੍ਰਦੇਸ਼।
- ਇਲਾਹਾਬਾਦ ਐਗਰੀਕਲਚਰਲ ਇੰਸਟੀਚਿਊਟ, ਇਲਾਹਾਬਾਦ।

ਬਾਇਓ ਮੈਡੀਕਲ ਇੰਜੀਨੀਅਰਿੰਗ

ਵਿਗਿਆਨ ਦੀ ਇਸ ਸ਼ਾਖਾ 'ਚ ਇੰਜੀਨੀਅਰਿੰਗ ਦੇ ਸਿਧਾਂਤਾਂ ਅਤੇ ਮੈਡੀਕਲ ਤੇ ਬਾਇਓਲੋਜੀਕਲ ਸਾਇੰਸ ਦੇ ਸੁਮੇਲ ਨਾਲ ਸਿਹਤ ਸੰਭਾਲ ਸਬੰਧੀ ਮਸ਼ੀਨਰੀ ਨੂੰ ਡਿਜ਼ਾਈਨ ਤੇ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਮਸ਼ੀਨਾਂ ਵਿਚ ਆਰਟੀਫੀਸ਼ੀਅਲ ਇੰਟਰਨਲ ਆਰਗਨਜ਼, ਸਰੀਰ ਦੇ ਅੰਗਾਂ ਦੀ ਟਰਾਂਸਪਲਾਂਟੇਸ਼ਨ ਤੇ ਇਲਾਜ ਸਬੰਧੀ ਸਮੱਸਿਆਵਾਂ ਤੋਂ ਛੁਟਕਾਰੇ ਲਈ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਦੀ ਮਦਦ ਲਈ ਜਾਂਦੀ ਹੈ। ਬਾਇਓ ਮੈਡੀਕਲ ਇੰਜੀਨੀਅਰ ਨੂੰ ਮੈਡੀਕਲ ਡਿਵਾਈਸ 'ਤੇ ਖੋਜ ਕਰਨ, ਟੈਸਟਿੰਗ ਤੇ ਮੁਲਾਂਕਣ ਦਾ ਕੰਮ ਕਰਨਾ ਪੈਂਦਾ ਹੈ। ਬਾਇਓ ਮੈਡੀਕਲ ਇੰਜਨੀਅਰਿੰਗ ਦੀਆਂ ਕਈ ਸ਼ਾਖਾਵਾਂ ਹਨ, ਜਿਨ੍ਹਾਂ 'ਚ ਬਾਇਓ ਇੰਸਟਰੂਮੈਂਟੇਸ਼ਨ, ਬਾਇਓ ਮੈਟੀਰੀਅਲਜ਼, ਸੈਲਿਊਲਰ, ਟਿਸ਼ੂ ਐਂਡ ਜੈਨੇਟਿਕ ਇੰਜੀਨੀਅਰਿੰਗ, ਕਲੀਨੀਕਲ ਇੰਜੀਨੀਅਰਿੰਗ, ਮੈਡੀਕਲ ਇਮੇਜਿੰਗ, ਆਰਥੋਪੈਡਿਕ ਬਾਇਓ ਇੰਜੀਨੀਅਰਿੰਗ ਆਦਿ ਸ਼ਾਮਲ ਹਨ।

ਕੋਰਸ ਅਤੇ ਯੋਗਤਾ : ਬਾਇਓ ਮੈਡੀਕਲ ਇੰਜੀਨੀਅਰਿੰਗ ਦੇ ਗ੍ਰੈਜੂਏਸ਼ ਕੋਰਸ 'ਚ ਦਾਖ਼ਲੇ ਲਈ ਗਣਿਤ ਜਾਂ ਜੀਵ ਵਿਗਿਆਨ ਨਾਲ ਘੱਟੋ ਘੱਟ 55 ਫ਼ੀਸਦੀ ਅੰਕਾਂ ਨਾਲ ਬਾਰ੍ਹਵੀਂ ਪਾਸ ਹੋਣਾ ਜ਼ਰੂਰੀ ਹੈ। ਗ੍ਰੈਜੂਏਟ ਕੋਰਸ ਚਾਰ ਸਾਲ ਦਾ ਹੈ, ਜਿਸ ਦੇ ਲਈ ਵਿਦਿਆਰਥੀ ਨੂੰ ਸਾਇੰਸ ਸਟ੍ਰੀਮ 'ਚ ਬਾਰ੍ਹਵੀਂ ਪਾਸ ਹੋਣਾ ਜ਼ਰੂਰੀ ਹੈ। ਪੋਸਟ ਗ੍ਰੈਜੂਏਟ ਕੋਰਸ ਦੋ ਸਾਲ ਦਾ ਹੈ ਤੇ ਇਸ ਦੇ ਲਈ ਬੀਟੈੱਕ ਜਾਂ ਬੀਈ ਕੀਤੀ ਹੋਣੀ ਲਾਜ਼ਮੀ ਹੈ।

ਰੁਜ਼ਗਾਰ ਦੀਆਂ ਸੰਭਾਵਨਾਵਾਂ : ਬਾਇਓ ਮੈਡੀਕਲ ਇੰਜੀਨੀਅਰ ਲਈ ਹਸਪਤਾਲਾਂ, ਨਰਸਿੰਗ ਹੋਮਜ਼, ਰਿਸਰਚ ਲੈਬ, ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ 'ਚ ਰੁਜ਼ਗਾਰ ਦੇ ਮੌਕੇ ਮਿਲ ਜਾਂਦੇ ਹਨ। ਕੁਝ ਸਾਲਾਂ ਤੋਂ ਵਿਦੇਸ਼ਾਂ 'ਚ ਵੀ ਬਾਇਓ ਮੈਡੀਕਲ ਇੰਜੀਨੀਅਰਜ਼ ਦੀ ਮੰਗ ਵਧੀ ਹੈ। ਬਾਇਓ ਮੈਡੀਕਲ ਇੰਜੀਨੀਅਰ ਕਾਰਪੋਰੇਟ ਸੈਕਟਰ 'ਚ ਪ੍ਰੋਡਕਟ ਟੈਸਟਿੰਗ, ਡਿਜ਼ਾਈਨਿੰਗ, ਇਲਾਜ 'ਚ ਮਦਦਗਾਰ ਮਸ਼ੀਨਰੀ ਦੇ ਨਿਰਮਾਣ ਤੇ ਉਨ੍ਹਾਂ ਦੀ ਖੋਜ ਸਬੰਧੀ ਕੰਮ ਕਰ ਸਕਦੇ ਹਨ।

ਮੁੱਖ ਸੰਸਥਾਵਾਂ

- ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਬੰਬੇ।
- ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਦਿੱਲੀ।
- ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਨਵੀ ਦਿੱਲੀ।

ਐਗਰੀਕਲਚਰ ਇੰਜੀਨੀਅਰਿੰਗ

ਐਗਰੀਕਲਚਰ ਇੰਜੀਨੀਅਰਿੰਗ 'ਚ ਖੇਤੀ ਉਤਪਾਦਨ ਨੂੰ ਹੁਲਾਰਾ ਦੇਣ, ਮਿੱਟੀ, ਖ਼ੁਰਾਕੀ ਪਦਾਰਥ, ਬੀਜ, ਬਾਇਓਲੋਜੀਕਲ ਸਿਸਟਮ ਆਦਿ ਨਾਲ ਸਬੰਧਤ ਬਾਰੀਕੀਆਂ ਸਿਖਾਈਆਂ ਜਾਂਦੀਆਂ ਹਨ। ਮੌਜੂਦਾ ਸਮੇਂ ਸਰਕਾਰੀ ਤੋਂ ਲੈ ਕੇ ਨਿੱਜੀ ਖੇਤਰਾਂ 'ਚ ਵੀ ਖੇਤੀ ਮਾਹਿਰਾਂ ਦੀ ਮੰਗ ਹੈ। ਐਗਰੀਕਲਚਰ ਇੰਜੀਨੀਅਰ ਦਾ ਕੰਮ ਖੇਤੀ ਨਾਲ ਸਬੰਧਤ ਤਕੀਨੀਕੀ ਸਮੱਸਿਆਵਾਂ ਨੂੰ ਦੂਰ ਕਰਨਾ ਹੈ। ਉਹ ਵਾਟਰ ਸਪਲਾਈ ਤੇ ਇਰੀਗੇਸ਼ਨ ਦੇ ਫੀਲਡ 'ਚ ਹੋਈਡਰੋਲੋਜੀਕਲ, ਡੈਮ ਡਿਜ਼ਾਈਨ, ਕੈਨਾਲ, ਪਾਈਪ-ਲਾਈਨ, ਪੰਪ ਸਿਸਟਮ, ਮਾਈਕਰੋ-ਇਰੀਗੇਸ਼ਨ ਸਿਸਟਮਜ਼ ਤੇ ਡਰੇਨੇਜ ਸਿਸਟਮ ਨਾਲ ਸਬੰਧਤ ਜ਼ਿੰਮੇਵਾਰੀਆਂ ਸੰਭਾਲਦੇ ਹਨ। ਇਸ ਤੋਂ ਇਲਾਵਾ ਐਗਰੀਕਲਚਰ ਇੰਜੀਨੀਅਰ ਖੇਤੀ 'ਚ ਕੰਮ ਆਉਣ ਵਾਲੀ ਮਸ਼ੀਨਰੀ ਤਿਆਰ ਕਰਨ, ਉਨ੍ਹਾਂ ਦੀ ਟੈਸਟਿੰਗ ਤੇ ਡਿਜ਼ਾਈਨ ਆਦਿ ਦਾ ਵੀ ਕੰਮ ਕਰਦੇ ਹਨ।

ਕੋਰਸ ਅਤੇ ਯੋਗਤਾ : ਵਿਗਿਆਨਕ ਵਿਸ਼ਿਆਂ ਫਿਜ਼ਿਕਸ, ਕੈਮਿਸਟਰੀ, ਮੈਥੇਮੈਟਿਕਸ/ਬਾਇਓਲੌਜੀ ਨਾਲ ਬਾਰ੍ਹਵੀਂ ਪਾਸ ਕਰਨ ਵਾਲੇ ਇਸ ਖੇਤਰ 'ਚ ਸ਼ਾਮਲ ਹੋ ਸਕਦੇ ਹਨ। ਜ਼ਿਆਦਾਤਰ ਐਜਰੀਕਲਚਰਲ ਸੰਸਥਾਵਾਂ ਤੇ ਯੂਨੀਵਰਸਿਟੀਆਂ ਇੰਜੀਨੀਅਰਿੰਗ ਦੇ ਬੀਈ/ਬੀਟੈੱਕ ਪ੍ਰੋਗਰਾਮਾਂ 'ਚ ਦਾਖ਼ਲਾ ਦੇਣ ਲਈ ਐਂਟਰੈਂਸ ਟੈਸਟ ਲੈਂਦੀਆਂ ਹਨ। ਕੁਝ ਸੰਸਥਾਵਾਂ 'ਚ ਬਾਰ੍ਹਵੀਂ ਦੇ ਅੰਕਾਂ ਦੇ ਆਧਾਰ 'ਤੇ ਵੀ ਦਾਖ਼ਲਾ ਦਿੱਤਾ ਜਾਂਦਾ ਹੈ। ਐਗਰੀਕਲਚਰ ਇੰਜੀਨੀਅਰਿੰਗ 'ਚ ਡਿਪਲੋਮਾ ਕੋਰਸ ਵੀ ਕੀਤਾ ਜਾ ਸਕਦਾ ਹੈ।

ਰੁਜ਼ਗਾਰ ਦੇ ਮੌਕੇ : ਐਗਰੀਕਲਚਰ ਇੰਜੀਨੀਅਰਜ਼ ਲਈ ਸਰਕਾਰੀ ਤੇ ਪ੍ਰਾਈਵੇਟ ਖੇਤਰਾਂ 'ਚ ਚੰਗੀਆਂ ਸੰਭਾਵਨਾਵਾਂ ਹਨ। ਪ੍ਰਾਈਵੇਟ ਕੰਪਨੀਆਂ ਐਗਰੀਕਲਚਰ ਇੰਜੀਨੀਅਰਜ਼ ਨੂੰ ਨਵੇਂ ਮੌਕੇ ਮੁਹੱਈਆ ਕਰਵਾ ਰਹੀਆਂ ਹਨ। ਇਸ ਖੇਤਰ 'ਚ ਸ਼ਾਮਲ ਹੋਣ ਵਾਲੇ ਨੌਜਵਾਨ ਐਗਰੀਕਲਚਰ ਕੋਆਪ੍ਰੇਟਿਵ, ਮਨੂਫੈਕਚਰਿੰਗ ਯੂਨਿਟਸ, ਫਰਟੀਲਾਈਜ਼ਰ ਕੰਪਨੀਆਂ, ਇਰੀਗੇਸ਼ਨ ਕੰਪਨੀਆਂ, ਫਾਰਮਿੰਗ ਕੰਪਨੀਆਂ, ਐੱਨਜੀਓ ਆਦਿ ਖੇਤਰਾਂ 'ਚ ਵੀ ਨੌਕਰੀ ਕਰ ਸਕਦੇ ਹਨ।

ਮੁੱਖ ਸੰਸਥਾਵਾਂ

- ਚੰਦਰਸ਼ੇਖਰ ਆਜ਼ਾਦ ਖੇਤੀ ਅਤੇ ਤਕਨੀਕੀ ਯੂਨੀਵਰਸਿਟੀ, ਕਨਪੁਰ।
- ਬਿਸਾਰ ਐਗਰੀਕਲਚਰਲ ਯੂਨੀਵਰਸਿਟੀ, ਝਾਰਖੰਡ।

ਫੂਡ ਐਂਡ ਸਾਇੰਸ ਟੈਕਨਾਲੋਜੀ

ਫੂਡ ਸਾਇੰਸ ਐਂਡ ਸਾਇੰਸ ਟੈਕਨਾਲੋਜੀ ਇੰਜੀਨੀਅਰਿੰਗ ਦੇ ਖੇਤਰ 'ਚ ਬਿਹਤਰੀਨ ਕਰੀਅਰ ਬਦਲ ਬਣ ਕੇ ਉਭਰਿਆ ਹੈ। ਇਸ ਦੇ ਤਹਿਤ ਭੋਜਨ ਪਦਾਰਥ, ਮਾਸ, ਫਲ, ਸਬਜ਼ੀਆਂ, ਮੱਛੀ, ਅਨਾਜ, ਅੰਡੇ, ਦੁੱਧ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਫੂਡ ਟੈਕਨਾਲੋਜਿਸਟ ਦਾ ਪਹਿਲਾ ਕੰਮ ਕੱਚੇ ਪਦਾਰਥਾਂ ਦੀ ਜਾਂਚ, ਗੁਣਵੱਤਾ, ਨਿਊਟ੍ਰੀਸ਼ਨਲ ਵੈਲਿਊ ਆਦਿ ਦੀ ਜਾਂਚ ਕਰਨਾ ਹੁੰਦਾ ਹੈ। ਉਹ ਭੋਜਨ ਦੀ ਪ੍ਰੋਸੈਸਿੰਗ, ਸੰਭਾਲ ਤੇ ਉਨ੍ਹਾਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਤਕਨੀਕਾਂ ਦੀ ਖੋਜ ਕਦੇ ਹਨ।

ਕੋਰਸ ਅਤੇ ਯੋਗਤਾ : ਫਿਜ਼ਿਕਸ, ਕੈਮਿਸਟਰੀ, ਮੈਥਸ ਜਾਂ ਬਾਉਓਲੋਜੀ ਨਾਲ ਬਾਰ੍ਹਵੀ ਪਾਸ ਕਰਨ ਵਾਲੇ ਵਿਦਿਆਰਥੀ ਫੂਡ ਟੈਕਨਾਲੋਜੀ ਦੇ ਬੈਚਲਰ ਕੋਰਸਾਂ 'ਚ ਦਾਖ਼ਲਾ ਲੈ ਸਕਦੇ ਹਨ। ਗ੍ਰੈਜੂਏਸ਼ਨ ਤੋਂ ਬਾਅਦ ਮਾਸਟਰ ਤੇ ਡਿਪਲੋਮਾ ਕੋਰਸਾਂ 'ਚ ਦਾਖ਼ਲਾ ਲਿਆ ਜਾ ਸਕਦਾ ਹੈ। ਹੋਮ ਸਾਇੰਸ, ਨਿਊਟ੍ਰੀਸ਼ੀਅਨ, ਡਾਇਟ੍ਰੀਸ਼ੀਅਨ ਤੇ ਹੋਟਲ ਮੈਨੇਜਮੈਂਟ 'ਚ ਗ੍ਰੈਜੂਏਸ਼ਨ ਕਰਨ ਵਾਲੇ ਵਿਦਿਆਰਥੀ ਵੀ ਇਸ ਖੇਤਰ 'ਚ ਉੱਚ ਸਿੱਖਿਆ ਹਾਸਲ ਕਰ ਸਕਦੇ ਹਨ।

ਰੁਜ਼ਗਾਰ ਦੇ ਮੌਕੇ : ਇਕ ਫੂਡ ਟੈਕਨਾਲੋਜਿਸਟ ਦੇ ਤੌਰ 'ਤੇ ਵਿਦਿਆਰਥੀ ਫੂਡ ਪ੍ਰੋਸੈਸਿੰਗ ਕੰਪਨੀਆਂ, ਫੂਡ ਰਿਸਰਚ ਲੈਬੋਰੇਟਰੀਜ਼, ਹੋਟਲ, ਰੈਸਟੋਰੈਂਟ, ਵਿੱਦਿਅਕ ਸੰਸਥਾਵਾਂ 'ਚ ਕਰੀਅਰ ਬਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਫ੍ਰੀਲਾਂਸ ਕੰਸਲਟੈਂਟ ਜਾਂ ਕਿਸੇ ਸੰਸਥਾ 'ਚ ਰਿਸਰਚਰ, ਲੈਕਚਰਰ, ਐਡਵਾਈਜ਼ਰ ਜਾਂ ਹੈਲਥ ਡਾਕਟਰ ਦੇ ਤੌਰ 'ਤੇ ਵੀ ਕੰਮ ਕੀਤਾ ਜਾ ਸਕਦਾ ਹੈ। ਸਰਕਾਰੀ ਤੇ ਨਿੱਜੀ ਖੇਤਰ 'ਚ ਵੀ ਫੂਡ ਟੈਕਨਾਲੋਜਿਸਟ, ਫੂਡ ਇੰਸਪੈਕਟਰ ਤੇ ਹੈਲਥ ਇੰਸਪੈਕਟਰ ਵਜੋਂ ਕੰਮ ਕੀਤਾ ਜਾ ਸਕਦਾ ਹੈ।

ਮੁੱਖ ਸੰਸਥਾਵਾਂ

- ਯੂਨੀਵਰਸਿਟੀ ਆਫ ਦਿੱਲੀ, ਦਿੱਲੀ।
- ਗੋਵਿੰਦ ਬੱਲਭਪੰਤ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨਾਲੋਜੀ, ਪੰਤਨਗਰ।
- ਸੈਂਟਰਲ ਫੂਡ ਟੈਕਨਾਲੋਜੀਕਲ ਰਿਸਰਚ ਇੰਸਟੀਚਿਊਟ, ਮੈਸੂਰ।

ਸਿਹਤ ਲਈ ਗੁਣਕਾਰੀ ਨੇ ਮਗਜ਼ (ਕੱਦੂ ਦੇ ਬੀਜ)

•ਮਨਪ੍ਰੀਤ ਕੌਰ, ਸੋਨਿਕਾ ਸ਼ਰਮਾ ਅਤੇ ਅਜਮੇਰ ਸਿੰਘ ਢੱਟ



ਅੱਜ ਦੇ ਸਮੇਂ ਵਿੱਚ ਦੁਨੀਆ ਦੇ ਵਿੱਚ ਬਹੁਤਾਤ ਦੇ ਵਿੱਚ ਖਾਣਾ ਹੋਣ ਦੇ ਕਾਰਨ ਵੀ ਕੁਪੋਸ਼ਣ ਦੀ ਬਿਮਾਰੀ ਘੁਣ ਵਾਂਗ ਫੈਲ ਰਹੀ ਹੈ। ਕੁਪੋਸ਼ਣ ਕਈ ਪ੍ਰਕਾਰ ਦਾ ਹੁੰਦਾ ਹੈ ਜਿਸ ਵਿੱਚ ਘੱਟ ਆਹਾਰ ਦੀ ਸਮੱਸਿਆ ਹੁੰਦੀ ਹੈ ਜੋ ਕਿ ਭਾਰਤ ਸਮੇਤ ਬਾਕੀ ਵਿਕਾਸਸ਼ੀਲ ਦੇਸ਼ਾਂ ਵਿੱਚ ਸਭ ਤੋਂ ਜ਼ਿਆਦਾ ਪਾਈ ਜਾਂਦੀ ਹੈ। 5 ਬੱਚਿਆਂ ਵਿੱਚੋਂ ਇੱਕ ਬੱਚੇ ਦੇ ਸਰੀਰਕ ਵਿਕਾਸ ਵਿੱਚ ਰੁਕਾਵਟ ਪਾਈ ਗਈ ਹੈ ਅਤੇ ਕਰੀਬ 16.5 ਕਰੋੜ ਲੋਕ ਪੂਰੇ ਸੰਸਾਰ ਵਿੱਚ ਕੁਪੋਸ਼ਣ ਤੋਂ ਪੀੜਤ ਹਨ। ਲਗਪਗ ਸੰਸਾਰ ਦੇ ਦੋ ਸੌ ਕਰੋੜ ਲੋਕਾਂ ਵਿੱਚ ਸਿਹਤ ਲਈ ਜ਼ਰੂਰੀ ਵਿਟਾਮਿਨ ਅਤੇ ਖਣਿਜਾਂ ਦੀ ਘਾਟ ਹੈ। ਇਸ ਨੂੰ ਦੂਰ ਕਰਨ ਲਈ ਸਥਾਨਕ ਭੋਜਨ ਨੂੰ ਘੱਟ ਕੀਮਤ ਵਾਲੇ ਪੌਸ਼ਟਿਕ ਭੋਜਨ ਪਦਾਰਥਾਂ ਨਾਲ ਪਰਿਪੂਰਕ ਕਰਨਾ ਉਤਮ ਤਰੀਕਾ ਹੈ। ਸਿਹਤਮੰਦ ਵਿਅਕਤੀ ਇੱਕ ਸਿਹਤਮੰਦ ਭੋਜਨ ਪ੍ਰਣਾਲੀ ਉੱਪਰ ਨਿਰਭਰ ਕਰਦਾ ਹੈ। ਮਗਜ਼ ਜਾਂ ਕੱਦੂ ਦੇ ਬੀਜ ਅਜਿਹੇ ਹੀ ਇੱਕ ਪੌਸ਼ਟਿਕ ਤੱਤ ਭਰਪੂਰ ਸਸਤੇ ਭੋਜਨ ਉਤਪਾਦ ਹਨ ਪਰ ਜ਼ਿਆਦਾਤਰ ਇਨ੍ਹਾਂ ਦੇ ਪੌਸ਼ਟਿਕ ਗੁਣਾਂ ਦੀ ਜਾਣਕਾਰੀ ਨਾ ਹੋਣ ਕਰਕੇ ਰਹਿੰਦ-ਖੂੰਹਦ ਸਮਝ ਕੇ ਸੁੱਟ ਦਿੱਤੇ ਜਾਂਦੇ ਹਨ। ਇਹ ਬੀਜ ਪੌਸ਼ਟਿਕ ਤੱਤਾਂ ਅਤੇ ਰੋਗਾਂ ਨਾਲ ਲੜ੍ਹਣ ਵਾਲੇ ਗੁਣਾਂ ਨਾਲ ਭਰਪੂਰ ਹਨ। ਇਹ ਚਬਾਉਣ ਯੋਗ ਅਤੇ ਗਿਰੀਆਂ ਵਾਲੀ ਮਹਿਕ ਰੱਖਦੇ ਹਨ ਜਿਸ ਕਰਕੇ ਇਹ ਖਾਣਯੋਗ ਹਨ। ਇਹਨਾਂ ਬੀਜਾਂ ਨੂੰ ਭੋਜਨ ਉਤਪਾਦ ਦੀ ਪੌਸ਼ਟਿਕਤਾ ਵਧਾਉਣ ਲਈ ਇੱਕ ਵਧੀਆ ਪਰਿਪੂਰਕ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ।

ਮਗਜ਼ ਕੱਦੂ ਦੇ ਬੀਜ ਪ੍ਰੋਟੀਨ ਅਤੇ ਤੇਲ ਦਾ ਵਧੀਆ ਕੁਦਰਤੀ ਸਰੋਤ ਹਨ ਜਿਨ੍ਹਾਂ ਵਿੱਚ ਪ੍ਰੋਟੀਨ 25 ਤੋਂ 37% ਅਤੇ ਤੇਲ 37 ਤੋਂ 45% ਦੀ ਮਾਤਰਾ ਵਿੱਚ ਪਾਇਆ ਜਾਂਦਾ ਹੈ। ਮਗਜ਼ ਜਾਂ ਕੱਦੂ ਦੇ ਬੀਜ ਅਤੇ ਤੇਲ ਅਨਸੈਚੁਰੇਟਡ ਫੈਟੀ ਏਸਿਡ ਨਾਲ ਭਰਪੂਰ ਹੁੰਦੇ ਹਨ। ਇਹ ਬੀਜ ਐਂਟੀਆਕਸੀਡੈਂਟ ਵਿਟਾਮਿਨ ਜਿਵੇਂ ਕੈਰੋਟੀਨਾਇਡ ਅਤੇ ਟੋਕੋਫਿਰੋਲ, ਖਣਿਜ ਤੱਤ ਜਿਵੇਂ ਜ਼ਿੰਕ, ਲੋਹਾ ਅਤੇ ਮੈਗਨੀਸ਼ੀਅਮ ਵਿੱਚ ਵੀ ਭਰਪੂਰ ਹੁੰਦੇ ਹਨ। ਰੋਗਾਂ ਨਾਲ ਲੜ੍ਹਣ ਦੀਆਂ ਖਾਸੀਅਤਾਂ ਜਿਵੇਂ- ਐਂਟੀ-ਡਾਇਬਟਿਕ, ਐਂਟੀ-ਬੈਕਟੀਰੀਅਲ, ਸੋਜਰੋਧੀ ਅਤੇ ਐਂਟੀ-ਆਕਸੀਡੈਂਟ ਪ੍ਰਭਾਵ ਲਈ ਵੀ ਜਾਣੇ ਜਾਂਦੇ ਹਨ।

ਇਹ ਬੀਜ ਫਾਇਬਰ ਭਰਪੂਰ ਹੁੰਦੇ ਹਨ ਜਿਸ ਨਾਲ ਕਬਜ਼, ਸ਼ੂਗਰ ਅਤੇ ਕੈਲੈਸਟਰੋਲ ਦਾ ਪੱਧਰ ਘਟਦਾ ਹੈ। ਇੱਕ ਹੋਰ ਫਾਇਦਾ ਇਹਨਾਂ ਦਾ ਗਲੂਟਨ ਮੁਕਤ ਹੋਣਾ ਵੀ ਹੈ। ਜਿਸ ਕਰਕੇ ਇਸ ਨੂੰ ਗਲੂਟਨ ਅਸਹਿਣਸ਼ੀਲਤਾ ਦੇ ਮਰੀਜ਼ ਵੀ ਖਾ ਸਕਦੇ ਹਨ। ਇਹ ਬੀਜ ਸੰਪੂਰਨ ਤੌਰ 'ਤੇ ਜਾਂ ਆਟੇ ਦੇ ਰੂਪ ਵਿੱਚ ਸਥਾਨਕ ਭੋਜਨ ਨਾਲ ਮਿਲਾ ਕੇ ਵਰਤੇ ਜਾ ਸਕਦੇ ਹਨ। ਮਗਜ਼ ਜਾਂ ਕੱਦੂ ਦੇ ਬੀਜ ਦਾ ਆਟਾ ਕਈ ਭੋਜਨ ਉਤਪਾਦ ਜਿਵੇਂ ਲੱਡੂ, ਪੰਜੀਰੀ, ਮੱਠੀ, ਰੋਟੀ, ਦਾਲ, ਸਬਜ਼ੀਆਂ, ਬਿਸਕੁਟ, ਕੇਕ ਆਦਿ ਨਾਲ ਮਿਲਾ ਕੇ ਵਰਤਿਆ ਜਾ ਸਕਦਾ ਹੈ।

-ਕੱਦੂ ਦੇ ਬੀਜ ਦਾ ਆਟਾ ਤਿਆਰ ਕਰਨਾ

-ਮਗਜ਼ ਕੱਦੂ ਦੇ ਬੀਜ ਦੀ ਚੋਣ ਸਹੀ ਤਰੀਕੇ ਨਾਲ ਕਰਨੀ ਚਾਹੀਦੀ ਹੈ।

-ਬੀਜਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ।

-ਫਿਰ ਇਹਨਾਂ ਨੂੰ ਧੁੱਪ 'ਚ ਸੁਕਾਉਣਾ ਚਾਹੀਦਾ ਹੈ।

-ਤੰਦੂਰ ਵਿੱਚ ਜ਼ਿਆਦਾ ਸੇਕ (75 ਡਿਗਰੀ ਸੈਲਸੀਅਸ) 'ਤੇ 15-20 ਮਿੰਟਾਂ ਲਈ ਭੁੰਨਣਾ ਜਾਂ ਕੜਾਹੀ ਵਿੱਚ ਹਲਕੇ ਸੇਕ 'ਤੇ 15-10 ਮਿੰਟਾਂ ਲਈ ਭੁੰਨਣਾ। ਸੁਕਾਏ ਹੋਏ ਬੀਜਾਂ ਨੂੰ ਹਵਾ ਰਹਿਤ ਪਲਾਸਟਿਕ ਬੈਗ ਵਿੱਚ ਭੰਡਾਰ ਕੀਤਾ ਜਾ ਸਕਦਾ ਹੈ। ਬੀਜ ਤੋਂ ਬਣੇ ਆਟੇ ਨੂੰ ਜ਼ਿਆਦਾ ਸਮੇਂ ਵਾਸਤੇ ਰੱਖਣ ਲਈ ਹਵਾ ਬੰਦ ਕੱਚ ਦੇ ਭਾਂਡਿਆਂ ਵਿੱਚ ਸਟੋਰ ਕੀਤਾ ਜਾ ਸਕਦਾ ਹੈ।

ਇੱਕ ਚੌਥਾਈ ਕੱਪ ਜਿੰਨੇ ਹਲਵੇ ਦੇ ਬੀਜ ਵਿੱਚ 200 ਕੈਲਰੀ ਅਤੇ 15-50% ਬਹੁਤ ਹੀ ਮਹੱਤਵਪੂਰਣ ਪੋਸ਼ਕ ਤੱਤ ਜਿਵੇਂ ਪ੍ਰੋਟੀਨ, ਫਾਇਬਰ, ਆਇਰਨ, ਜ਼ਿੰਕ, ਮੈਗਨੀਸ਼ੀਅਮ ਹੁੰਦੇ ਹਨ। ਇਹਨਾਂ ਵਿੱਚ ਟੋਕੋਫਿਰੋਲ, ਕੈਰੋਟੀਨਾਇਡ ਵਰਗੇ ਵਿਟਾਮਿਨ ਵੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਹਰ ਰੋਜ਼ ਥੋੜ੍ਹੇ ਜਿਹੇ ਮਗਜ਼ ਜਾਂ ਕੱਦੂ ਦੇ ਬੀਜ ਖਾਓ, ਡਾਕਟਰ ਨੂੰ ਦੂਰ ਭਜਾਓ।

ਪੀ.ਏ.ਯੂ. ਮਗਜ਼ ਕੱਦੂ 1 : ਇਹ ਕਿਸਮ ਕੱਦੂ ਦੇ ਬੀਜਾਂ ਲਈ ਬਹੁਤ ਅਹਿਮ ਹੈ। ਕੱਦੂ ਦੀ ਇਸ ਕਿਸਮ ਦੇ ਬੀਜ ਬਿਨਾ ਛਿਲਕੇ ਤੋਂ ਹੁੰਦੇ ਹਨ, ਜਿਨ੍ਹਾਂ ਨੂੰ ਸਨੈਕ ਦੇ ਤੌਰ 'ਤੇ ਖਾਧਾ ਜਾ ਸਕਦਾ ਹੈ। ਇਹ ਬੀਜ ਤੇਲ ਅਤੇ ਓਮੇਗਾ ਫੈਟੀ ਐਸਿਡ ਨਾਲ ਭਰਪੂਰ ਹਨ। ਬੀਜਾਂ ਤੋਂ ਇਲਾਵਾ ਇਸ ਦੇ ਕੱਚੇ ਫ਼ਲ ਨੂੰ ਸਬਜ਼ੀ ਵਜੋਂ ਵੀ ਖਾਧਾ ਜਾ ਸਕਦਾ ਹੈ। ਇਹ ਬੀਜ ਸਾਬਤ ਰੂਪ ਵਿੱਚ ਇਕੱਲੇ ਵੀ ਖਾਧੇ ਜਾ ਸਕਦੇ ਹਨ ਜਾਂ ਫਿਰ ਹੋਰ ਤੇਲ ਬੀਜਾਂ ਨਾਲ ਮਿਲਾ ਕੇ ਸਨੈਕ ਦੀ ਤਰ੍ਹਾਂ ਵੀ ਖਾਧੇ ਜਾ ਸਕਦੇ ਹਨ। ਹਰ ਰੋਜ਼ ਥੋੜ੍ਹੇ ਜਿਹੇ ਪੇਠੇ ਦੇ ਬੀਜ ਖਾਓ, ਡਾਕਟਰ ਨੂੰ ਦੂਰ ਭਜਾਓ।

ਸੋਨਿਕਾ ਸ਼ਰਮਾ: 81461-22277

ਮਨੁੱਖੀ ਜੀਵਨ ਦਾ ਆਧਾਰ: ਮਾਂ ਦਾ ਦੁੱਧ

•ਰਿਤੂ ਮਾਹਲ ਅਤੇ ਵੰਦਨਾ ਕੰਵਰ



ਪ੍ਰਾਚੀਨ ਸਮੇਂ ਤੋਂ ਹੀ ਮਾਂ ਦੇ ਦੁੱਧ ਦੀ ਬੇਮਿਸਾਲ ਖੁਰਾਕੀ ਅਹਿਮੀਅਤ ਪਛਾਣੀ ਜਾਂਦੀ ਰਹੀ ਹੈ। ਮਾਂ ਦਾ ਦੁੱਧ ਅਸਾਨੀ ਨਾਲ ਹਜ਼ਮ ਹੋ ਜਾਣ ਵਾਲਾ ਅਤੇ ਤਾਕਤ ਦੇਣ ਵਾਲਾ ਹੈ। ਮਾਂ ਦੇ ਦੁੱਧ ਵਿੱਚ ਪ੍ਰੋਟੀਨ ਵਧੇਰੇ ਘੁਲਣਸ਼ੀਲ ਅਵਸਥਾ ਵਿੱਚ ਹੁੰਦਾ ਹੈ ਜੋ ਬੱਚਿਆਂ ਵੱਲੋਂ ਅਸਾਨੀ ਨਾਲ ਪਚਾਇਆ ਅਤੇ ਹਜ਼ਮ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਮਾਂ ਦੇ ਦੁੱਧ ਵਿੱਚ ਮੌਜੂਦ ਚੰਦਾਈਆਂ ਅਤੇ ਕੈਲਸ਼ੀਅਮ ਵੀ ਅਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਮਾਂ ਦੇ ਦੁੱਧ ਵਿੱਚ ਮੌਜੂਦ ਲੈਕਟੋਜ਼ ਬੱਚੇ ਨੂੰ ਤੁਰੰਤ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਦੇ ਨਾਲ ਨਾਲ ਇਸ ਸੱਕਰ ਦਾ ਇੱਕ ਹਿੱਸਾ ਅੰਤੜੀਆਂ ਵਿੱਚ ਜਾ ਕੇ ਲੈਕਟਿਕ ਐਸਿਡ ਬਣ ਜਾਂਦਾ ਹੈ ਜੋ ਉੱਥੇ ਮੌਜੂਦ ਹਾਨੀਕਾਰਕ ਬੈਕਟੀਰੀਆ ਦਾ ਖਾਤਮਾ ਕਰਦਾ ਹੈ ਅਤੇ ਕੈਲਸ਼ੀਅਮ ਅਤੇ ਹੋਰ ਧਾਤਾਂ ਦੇ ਹਾਜ਼ਮੇ ਵਿੱਚ ਸਹਾਈ ਹੁੰਦਾ ਹੈ। ਮਾਂ ਦੇ ਦੁੱਧ ਵਿੱਚ ਵਿਟਾਮਿਨਾਂ ਦੀ ਮੌਜੂਦਗੀ ਜਿਹਾ ਥਾਈਮੀਨ, ਵਿਟਾਮਿਨ ਏ, ਵਿਟਾਮਿਨ ਸੀ ਆਦਿ ਦੀ ਮਾਤਰਾ ਮਾਂ ਦੀ ਖੁਰਾਕ ਉੱਪਰ ਨਿਰਭਰ ਕਰਦੀ ਹੈ। ਆਮ ਹਾਲਾਤਾਂ ਵਿੱਚ ਇਹ ਸਭ ਵਿਟਾਮਿਨ ਮਾਂ ਦੇ ਦੁੱਧ ਵਿੱਚ ਕਾਫੀ ਮਾਤਰਾ ਵਿੱਚ ਹੁੰਦੇ ਹਨ।

ਮਾਨਵ ਦੁੱਧ ਵਿੱਚ ਰੋਗਾਂ ਵਿਰੋਧੀ ਗੁਣ ਮੌਜੂਦ ਹੁੰਦੇ ਹਨ ਜੋ ਹੋਰ ਕਿਸੇ ਵੀ ਦੁੱਧ ਵਿੱਚ ਨਹੀਂ ਹੁੰਦੇ। ਵਿਕਾਸਸ਼ੀਲ ਦੇਸ਼ਾਂ ਵਿੱਚ ਮਾਨਵ ਦੁੱਧ ਦਾ ਇਹ ਸੁਰੱਖਿਅਤ ਰੱਖਣ ਵਾਲਾ ਗੁਣ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂ ਕਿ ਇਹਨਾਂ ਦੇਸ਼ਾਂ ਵਿੱਚ ਛੂਤ ਦੇ ਰੋਗ ਫੈਲਣ ਦੀ ਸਭ ਤੋਂ ਵੱਧ ਸੰਭਾਵਨਾ ਹੈ। ਮਾਂ ਦਾ ਦੁੱਧ ਚੁੰਘਾਉਣ ਦੇ ਕੁੱਝ ਲਾਭ ਇਸ ਪ੍ਰਕਾਰ ਹਨ:

ਮਾਂ ਦਾ ਦੁੱਧ ਸਭ ਤੋਂ ਵਧੀਆ ਕੁਦਰਤੀ ਖੁਰਾਕ ਹੈ।

ਮਾਂ ਦਾ ਦੁੱਧ ਹਮੇਸ਼ਾ ਸਾਫ ਹੁੰਦਾ ਹੈ।

ਮਾਂ ਦਾ ਦੁੱਧ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ।

ਮਾਂ ਦਾ ਦੁੱਧ ਬੱਚੇ ਨੂੰ ਵਧੇਰੇ ਬੁੱਧੀਮਾਨ ਬਣਾਉਂਦਾ ਹੈ।

ਮਾਂ ਦਾ ਦੁੱਧ 24 ਘੰਟੇ ਤਿਆਰ ਮਿਲਦਾ ਹੈ ਅਤੇ ਇਸ ਲਈ ਕੋਈ ਤਿਆਰੀ ਨਹੀਂ ਕਰਨੀ ਪੈਂਦੀ।

ਮਾਂ ਦਾ ਦੁੱਧ ਬੱਚੇ ਲਈ ਕੁਦਰਤ ਦਾ ਤੋਹਫਾ ਹੈ ਅਤੇ ਇਸ ਨੂੰ ਖਰੀਦਣ ਦੀ ਜ਼ਰੂਰਤ ਨਹੀਂ ਹੁੰਦੀ।

ਮਾਂ ਦਾ ਦੁੱਧ ਚੁੰਘਾਉਣ ਨਾਲ ਮਾਂ ਅਤੇ ਬੱਚੇ ਵਿੱਚ ਖ਼ਾਸ ਸੰਬੰਧ ਸਥਾਪਿਤ ਹੁੰਦਾ ਹੈ।

ਮਾਂ ਦਾ ਦੁੱਧ ਚੁੰਘਾਉਣ ਨਾਲ ਮਾਂ-ਬਾਪ ਦਾ ਆਪਣੇ ਬੱਚਿਆਂ ਦੇ ਜਨਮ ਵਿੱਚ ਫ਼ਾਸਲਾ ਰੱਖਣ ਵਿੱਚ ਮੱਦਦ ਮਿਲਦੀ ਹੈ।

ਦੁੱਧ ਚੁੰਘਾਉਣ ਨਾਲ ਮਾਂ ਨੂੰ ਗਰਭ ਧਾਰਨ ਵੇਲੇ ਆਪਣੇ ਵਧੇ ਹੋਏ ਭਾਰ ਨੂੰ ਘੱਟ ਕਰਨ ਵਿੱਚ ਸਹਾਇਤਾ ਮਿਲਦੀ ਹੈ।

ਦੁੱਧ ਚੁੰਘਾਉਣ ਦੀ ਛੇਤੀ ਸ਼ੁਰੂਆਤ: ਮਾਂ ਦਾ ਦੁੱਧ ਦੇਣ ਦੀ ਛੇਤੀ ਸ਼ੁਰੂਆਤ ਦੁੱਧ ਚੁੰਘਾਉਣ ਦੀ ਸਫ਼ਲਤਾ ਅਤੇ ਬੱਚੇ ਨੂੰ ਮਾਂ ਦਾ ਸ਼ੁਰੂਆਤੀ ਦੁੱਧ 'ਕੋਲੋਸਟਰਮ' ਮੁਹੱਈਆ ਕਰਨ ਲਈ ਬਹੁਤ ਜ਼ਰੂਰੀ ਹੈ। ਆਦਰਸ਼ ਰੂਪ ਵਿੱਚ, 'ਬੱਚੇ ਨੂੰ ਉਸ ਦੇ ਜਨਮ ਦੇ ਬਾਅਦ ਬਹੁਤ ਛੇਤੀ ਅਤੇ ਜੇਕਰ ਸੰਭਵ ਹੋ ਸਕੇ ਤਾਂ ਇੱਕ ਘੰਟੇ ਦੇ ਅੰਦਰ ਪਹਿਲੀ ਵਾਰ ਮਾਂ ਦਾ ਦੁੱਧ ਪਿਲਾ ਦੇਣਾ ਚਾਹੀਦਾ ਹੈ।' ਨਵਾਂ ਜੰਮਿਆ ਬੱਚਾ ਆਪਣੇ ਜੀਵਨ ਦੇ ਪਹਿਲੇ ਘੰਟੇ ਦੌਰਾਨ ਬਹੁਤ ਕ੍ਰਿਆਸ਼ੀਲ ਹੁੰਦਾ ਹੈ ਅਤੇ ਜੇਕਰ ਉਸ ਨੂੰ ਆਪਣੀ ਮਾਂ ਨਾਲ ਰੱਖਿਆ ਜਾਵੇ ਅਤੇ ਉਸ ਨੂੰ ਮਾਂ ਦਾ ਦੁੱਧ ਪਿਲਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹ ਦੁੱਧ ਚੁੰਘਣਾ ਛੇਤੀ ਹੀ ਸਿੱਖ ਜਾਂਦਾ ਹੈ। ਬੱਚੇ ਰਾਹੀਂ ਦੁੱਧ ਚੁੰਘਣਾ ਸ਼ੁਰੂ ਕਰਨ ਨਾਲ ਮਾਂ ਦੇ ਸਰੀਰ ਵਿੱਚ ਦੁੱਧ ਬਣਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਨਾਲ ਛੇਤੀ ਹੀ ਮਾਂ ਨੂੰ ਦੁੱਧ ਉੱਤਰਨਾ ਸ਼ੁਰੂ ਹੋ ਜਾਂਦਾ ਹੈ। ਆਪਰੇਸ਼ਨ ਰਾਹੀਂ ਬੱਚਾ ਪੈਦਾ ਹੋਣ ਦੀ ਸੂਰਤ ਵਿੱਚ, ਨਵੇਂ ਜੰਮੇ ਬੱਚੇ ਨੂੰ ਉਸ ਦੇ ਜਨਮ ਦੇ ਬਾਅਦ 4-6 ਘੰਟੇ ਅੰਦਰ ਮਾਂ ਦਾ ਦੁੱਧ ਪਿਲਾਉਣਾ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਕੰਮ ਲਈ ਮਾਂ ਨੂੰ ਸਹਾਰਾ ਦੇਣ ਦੀ ਲੋੜ ਹੁੰਦੀ ਹੈ। ਨਵੇਂ ਜੰਮੇ ਬੱਚਿਆਂ ਨੂੰ ਉਹਨਾਂ ਦੀਆਂ ਮਾਵਾਂ ਦੇ ਨੇੜੇ ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਮਾਂ ਦੇ ਸਰੀਰ ਦੀ ਗਰਮੀ ਮਿਲੇ ਅਤੇ ਵਾਰ-ਵਾਰ ਮਾਂ ਦਾ ਦੁੱਧ ਦੇ ਸਕੇ। ਇਸ ਨਾਲ ਵੀ ਮਾਂ ਦਾ ਛੇਤੀ ਦੁੱਧ ਉੱਤਰਦਾ ਹੈ। ਇਹ ਜ਼ਰੂਰੀ ਹੈ ਕਿ ਬਾਲਕ ਨੂੰ ਮਾਂ ਦਾ ਪਹਿਲਾ ਦੁੱਧ (ਕੋਲੋਸਟਰਮ) ਮਿਲੇ। ਇਹ ਦੁੱਧ ਬਾਅਦ ਵਿੱਚ ਆਉਣ ਵਾਲੇ ਦੁੱਧ ਨਾਲੋਂ ਵਧੇਰੇ ਗਾੜ੍ਹਾ ਅਤੇ ਪੀਲਾ ਹੁੰਦਾ ਹੈ ਅਤੇ ਇਹ ਦੁੱਧ ਬਹੁਤ ਘੱਟ ਮਾਤਰਾ ਵਿੱਚ ਪਹਿਲੇ ਕੁੱਝ ਦਿਨ ਹੀ ਆਉਂਦਾ ਹੈ। ਇਸ ਸਮੇਂ ਬੱਚੇ ਨੂੰ ਲੋੜੀਂਦੇ ਸਭ ਜ਼ਰੂਰੀ ਖੁਰਾਕੀ ਤੱਤ ਅਤੇ ਪੀਣ ਦੇ ਪਦਾਰਥ ਮਾਂ ਦੇ ਪਹਿਲੇ ਦੁੱਧ ਵਿੱਚ ਮੌਜੂਦ ਹੁੰਦੇ ਹਨ। ਬਾਲਕ ਨੂੰ ਹੋਰ ਕਿਸੇ ਪੂਰਕ ਅਹਾਰ ਇੱਥੋਂ ਤੱਕ ਕਿ ਪਾਣੀ ਦੀ ਵੀ ਲੋੜ ਨਹੀਂ ਹੁੰਦੀ। ਇਸ ਵਕਫੇ ਦੌਰਾਨ ਅਤੇ ਬਾਅਦ ਵਿੱਚ ਬਾਲਕ ਨੂੰ ਕੋਈ ਵੀ ਹੋਰ ਪੀਣ ਦਾ ਪਦਾਰਥ ਜਾਂ ਸ਼ਹਿਦ, ਘੁੱਟੀ, ਗਾਂ ਜਾਂ ਮੱਝ ਦਾ ਦੁੱਧ ਜਾਂ ਪਾਊਡਰ ਦਾ ਦੁੱਧ, ਚਾਹ, ਪਾਣੀ ਜਾਂ ਗਲੂਕੋਜ਼ ਪਾਣੀ ਜਿਹੇ ਪਦਾਰਥ ਨਹੀਂ ਦਿੱਤੇ ਜਾਣੇ ਚਾਹੀਦੇ, ਕਿਉਂਕਿ ਉਹ ਸਭ ਬੱਚੇ ਲਈ ਕਾਫੀ ਹਾਨੀਕਾਰਕ ਹੁੰਦੇ ਹਨ। ਪਹਿਲੀ ਵਾਰ ਮਾਂ ਬਣਨ ਵਾਲੀ ਔਰਤ ਨੂੰ ਦੁੱਧ ਚੁੰਘਾਉਣ ਲਈ ਢੁੱਕਵੀਂ ਮੁਦਰਾ ਦੀ ਜਾਣਕਾਰੀ ਦੇਣੀ ਚਾਹੀਦੀ ਹੈ। ਬੱਚੇ ਨੂੰ ਓਨੀ ਵਾਰ ਦੁੱਧ ਦਿੱਤਾ ਜਾਣਾ ਚਾਹੀਦਾ ਹੈ ਅਤੇ ਓਨੀ ਦੇਰ ਤਕ ਦੁੱਧ ਚੁੰਘਾਉਣਾ ਚਾਹੀਦਾ ਹੈ ਜਿੰਨੀ ਦੇਰ ਤੱਕ ਉਹ ਚੁੰਘਣਾ ਚਾਹੇ।

ਮਾਂ ਦੇ ਪਹਿਲੇ ਦੁੱਧ (ਕੋਲੋਸਟਰਮ) ਦਾ ਮਹੱਤਵ :ਬੱਚੇ ਦੇ ਜਨਮ ਤੋਂ ਮਗਰੋਂ ਪਹਿਲੇ ਕੁੱਝ ਦਿਨਾਂ ਤੱਕ ਆਉਣ ਵਾਲੇ ਮਾਂ ਦੇ ਦੁੱਧ ਨੂੰ ਕੋਲੋਸਟਰਮ ਕਿਹਾ ਜਾਂਦਾ ਹੈ। ਇਹ ਦੁੱਧ ਪੀਲਾ ਅਤੇ ਗਾੜ੍ਹਾ ਹੁੰਦਾ ਹੈ। ਇਹ ਦੁੱਧ ਬਹੁਤ ਪੌਸ਼ਟਿਕ ਹੁੰਦਾ ਹੈ ਹੈ ਅਤੇ ਇਸ ਵਿੱਚ ਛੂਤ ਦੀਆਂ ਬੀਮਾਰੀਆਂ ਰੋਕਣ ਵਾਲੇ ਤੱਤ ਮੌਜੂਦ ਹੁੰਦੇ ਹਨ। ਇਸ ਵਿੱਚ ਵੱਡੀ ਮਾਤਰਾ ਵਿੱਚ ਵਿਟਾਮਿਨ ਏ ਪਾਇਆ ਜਾਂਦਾ ਹੈ। 'ਕੋਲੋਸਟਰਮ' ਵਿੱਚ ਵਧੇਰੇ ਪ੍ਰੋਟੀਨ ਹੁੰਦਾ ਹੈ ਅਤੇ ਕਈ ਵਾਰ ਇਹ 10 ਪ੍ਰਤੀਸ਼ਤ ਤੱਕ ਹੁੰਦਾ ਹੈ। ਇਸ ਵਿੱਚ ਬਾਅਦ ਵਿੱਚ ਆਉਣ ਵਾਲੇ ਨਾਲੋਂ ਘੱਟ ਚਿਕਨਾਈ ਅਤੇ ਘੱਟ ਕਾਰਬੋਹਾਈਡਰੇਟ ਲੈਕਟੋਜ਼ ਹੁੰਦੇ ਹਨ। ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣ ਨਾਲ ਉਸ ਦੇ ਸਰੀਰ ਵਿੱਚ ਪੌਸ਼ਟਿਕ ਤੱਤਾਂ ਅਤੇ ਰੋਗ ਲੱਗਣ ਤੋਂ ਬਚਾਉਣ ਵਾਲੇ ਤੱਤਾਂ ਦੀ ਮਾਤਰਾ ਵਧਾਉਣ ਵਿੱਚ ਮੱਦਦ ਮਿਲਦੀ ਹੈ। ਰੋਗ ਤੋਂ ਬਚਾਉਣ ਵਾਲੇ ਤੱਤ ਬੱਚੇ ਨੂੰ ਦਸਤਾਂ ਜਿਹੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ ਜੋ ਜਨਮ ਤੋਂ ਬਾਅਦ ਪਹਿਲੇ ਕੁੱਝ ਹਫ਼ਤਿਆਂ ਵਿੱਚ ਬੱਚੇ ਨੂੰ ਹੋ ਸਕਦੇ ਹਨ। ਮਾਂ ਦਾ ਪਹਿਲਾ ਦੁੱਧ ਮੁੱਖ ਤੌਰ 'ਤੇ ਬੱਚੇ ਨੂੰ ਮਾਂ ਤੋਂ ਹਾਸਲ ਹੋਣ ਵਾਲੇ ਰੋਗ ਤੋਂ ਬਚਾਉਣ ਵਾਲਾ ਪਹਿਲਾ ਪਦਾਰਥ ਹੈ। ਕੁੱਝ ਮਾਂਵਾਂ ਇਸ ਪਹਿਲੇ ਦੁੱਧ ਨੂੰ ਖਰਾਬ ਅਤੇ ਨਾ ਪਚ ਸਕਣ ਵਾਲਾ ਮੰਨਦੀਆਂ ਹਨ। ਦੁੱਧ ਦੇ ਰੰਗ ਵਿੱਚ ਫਰਕ ਅਤੇ ਨਿਰੰਤਰਤਾ ਵਿੱਚ ਕਮੀ ਅਜਿਹੀ ਮਾਨਤਾ ਦੇ ਸੰਭਵ ਕਾਰਨ ਹੋ ਸਕਦੇ ਹਨ। ਆਮ ਤੌਰ 'ਤੇ ਦੇਸ਼ ਵਿੱਚ ਦੇਰ ਨਾਲ ਦੁੱਧ ਚੁੰਘਾਉਣਾ ਸ਼ੁਰੂ ਕਰਨ ਦੀ ਰਵਾਇਤ ਹੈ। ਇਸ ਰਵਾਇਤ ਕਾਰਨ ਨਵੇਂ ਜੰਮੇ ਬੱਚੇ ਮਾਂ ਦੇ ਪਹਿਲੇ ਦੁੱਧ ਵਿੱਚ ਮੌਜੂਦ ਰੋਗ ਵਿਰੋਧੀ ਤੱਤਾਂ, ਵਿਟਾਮਿਨ ਏ ਅਤੇ ਪ੍ਰੋਟੀਨ ਦੇ ਗਾੜ੍ਹੇ ਸਰੋਤ ਤੋਂ ਵਾਂਝੇ ਰਹਿ ਜਾਂਦੇ ਹਨ। ਕਈ ਫਿਰਕਿਆਂ ਵਿੱਚ ਕਈ ਕਿਸਮ ਦੇ ਅੰਧ ਵਿਸ਼ਵਾਸਾਂ ਅਤੇ ਅਗਿਆਨਤਾ ਹੋਣ ਕਾਰਨ ਦੁੱਧ ਚੁੰਘਾਉਣ ਦੀ ਸ਼ੁਰੂਆਤ

ਸੰਪਾਦਕੀ

ਮੁੜ ਵੱਧ ਰਹੀ ਜੰਮੂ-ਕਸ਼ਮੀਰ ਵਿੱਚ ਦਹਿਸ਼ਤ

ਕਿਸ਼ਤਵਾੜ ਵਿੱਚ ਦੋ ਸਪੈਸ਼ਲ ਪੁਲੀਸ ਅਫਸਰਾਂ (ਐੱਸ ਪੀ ਓ) ਦੇ ਕਤਲ ਅਤੇ ਕੁਲਗਾਮ ਵਿੱਚ ਸੀ ਆਰ ਪੀ ਐੱਫ ਦੀ ਚੌਕੀ ਉੱਤੇ ਹਮਲੇ ਨੇ 24 ਘੰਟਿਆਂ ਦੇ ਅੰਦਰ-ਅੰਦਰ ਇਹ ਦਿਖਾ ਦਿੱਤਾ ਹੈ ਕਿ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਦੀ ਸਥਿਤੀ ਅਜੇ ਵੀ ਬਹੁਤ ਨਾਜ਼ੁਕ ਹੈ। ਇਹ ਘਟਨਾਵਾਂ ਇਸ ਗੱਲ ਦੀ ਝੰਜੋੜ ਦੇਣ ਵਾਲੀ ਯਾਦ ਤਾਜ਼ਾ ਕਰਵਾਉਂਦੀਆਂ ਹਨ ਕਿ ਸੂਬੇ ਵਿੱਚ ਹਾਲਾਤ ਆਮ ਅਤੇ ਸ਼ਾਂਤੀ ਹੋਣ ਦੇ ਵਾਰ-ਵਾਰ ਕੀਤੇ ਜਾਂਦੇ ਦਾਅਵਿਆਂ ਦੇ ਬਾਵਜੂਦ ਦਹਿਸ਼ਤਗਰਦੀ ਇਸ ਖੇਤਰ ਲਈ ਲਗਾਤਾਰ ਖ਼ਤਰਾ ਬਣੀ ਹੋਈ ਹੈ। ਇਨ੍ਹਾਂ ਐੱਸ ਪੀ ਓਜ਼ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਹੋਈਆਂ ਲਾਸ਼ਾਂ ਉਨ੍ਹਾਂ ਦੇ ਲਾਪਤਾ ਹੋਣ ਤੋਂ ਅਗਲੇ ਦਿਨ ਮਿਲੀਆਂ ਜਦੋਂਕਿ ਸੀ ਆਰ ਪੀ ਐੱਫ ਜਵਾਨਾਂ ਉੱਤੇ ਹੋਈ ਗੋਲੀਬਾਰੀ ਵਿੱਚ ਤਿੰਨ ਜਵਾਨ ਜ਼ਖ਼ਮੀ ਹੋ ਗਏ। ਸੁਰੱਖਿਆ ਅਤੇ ਖ਼ੁਫ਼ੀਆ ਏਜੰਸੀਆਂ ਲਈ ਚਿਤਾਵਨੀ ਦੀ ਇਹ ਘੰਟੀ ਉਸ ਘਟਨਾ ਤੋਂ ਇੱਕ ਸਾਲ ਬਾਅਦ ਵੱਜੀ ਹੈ ਜਦੋਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਹੋਏ ਕਾਰ ਧਮਾਕੇ ਵਿੱਚ 11 ਜਾਨਾਂ ਚਲੀਆਂ ਗਈਆਂ ਸਨ। ਕੌਮੀ ਜਾਂਚ ਏਜੰਸੀ (ਐੱਨ ਆਈ ਏ) ਮੁਤਾਬਿਕ ਉਸ ਮਾਮਲੇ ਵਿੱਚ ਪੁਲਵਾਮਾ (ਜੰਮੂ ਕਸ਼ਮੀਰ) ਦਾ ਇੱਕ ਡਾਕਟਰ ਮੁੱਖ ਦੋਸ਼ੀ ਸੀ।

ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ ਨੇ ਇਨ੍ਹਾਂ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ ਜਦੋਂਕਿ ਸੱਤਾਧਾਰੀ ਨੈਸ਼ਨਲ ਕਾਨਫਰੰਸ ਨੇ ਕੇਂਦਰ ਸਰਕਾਰ ਦੇ ਉਸ ਦਾਅਵੇ 'ਤੇ ਸਵਾਲ ਖੜ੍ਹੇ ਕੀਤੇ ਹਨ, ਜਿਸ ਵਿੱਚ ਜੰਮੂ ਕਸ਼ਮੀਰ ਨੂੰ ਦਹਿਸ਼ਤਗਰਦੀ ਤੋਂ ਮੁਕਤ ਕਰਨ ਦੀ ਗੱਲ ਆਖੀ ਗਈ ਸੀ। ਕੇਂਦਰ ਸਰਕਾਰ ਨੂੰ ਮਹਿਜ਼ ਕੋਰੀ ਬਿਆਨਬਾਜ਼ੀ ਤੋਂ ਉੱਪਰ ਉੱਠ ਕੇ ਇੱਕ ਅਸਰਦਾਰ ਖ਼ੁਫ਼ੀਆ ਤੰਤਰ, ਮਜ਼ਬੂਤ ਸੁਰੱਖਿਆ ਪ੍ਰਬੰਧ ਅਤੇ ਆਪਸੀ ਤਾਲਮੇਲ ਵਾਲੇ ਅਤਿਵਾਦ ਵਿਰੋਧੀ ਅਪਰੇਸ਼ਨ ਯਕੀਨੀ ਬਣਾਉਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਥਾਨਕ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਚਿੰਤਾਵਾਂ ਦਾ ਹੱਲ ਕਰਨਾ ਵੀ ਓਨਾ ਹੀ ਅਹਿਮ ਹੈ। ਡਾਚਨ, ਮੜ੍ਹਵਾਹ ਅਤੇ ਵੜਵਾਨ ਵਰਗੇ ਦੂਰ-ਦੁਰਾਡੇ ਇਲਾਕਿਆਂ ਦੇ ਵਸਨੀਕਾਂ ਨੂੰ ਬਿਨਾਂ ਕਿਸੇ ਡਰ, ਖ਼ਤਰੇ ਜਾਂ ਦਹਿਸ਼ਤ ਦੇ ਸੁਰੱਖਿਆ ਏਜੰਸੀਆਂ ਨਾਲ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਦਹਿਸ਼ਤਗਰਦੀ ਨੂੰ ਮਾਤ ਦੇਣ ਲਈ ਉਨ੍ਹਾਂ ਦੀ ਸੁਰੱਖਿਆ, ਉਨ੍ਹਾਂ ਦਾ ਭਰੋਸਾ ਅਤੇ ਇਸ ਪੂਰੇ ਅਮਲ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਬੇਹੱਦ ਲਾਜ਼ਮੀ ਹੈ।

ਅਮਨ-ਸ਼ਾਂਤੀ ਜੰਮੂ ਕਸ਼ਮੀਰ ਦੀ ਆਰਥਿਕਤਾ ਲਈ ਮੂਲ ਆਧਾਰ ਹੈ, ਜੋ ਅਪਰੈਲ 2025 ਵਿੱਚ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਸੀ। ਕਿਸ਼ਤਵਾੜ ਵਰਗੇ ਖੇਤਰਾਂ ਵਿੱਚ ਸੈਰ-ਸਪਾਟੇ ਦੀ ਅਥਾਹ ਸਮਰੱਥਾ ਹੈ, ਪਰ ਲਗਾਤਾਰ ਹੋ ਰਹੀ ਹਿੰਸਾ ਸੈਲਾਨੀਆਂ ਨੂੰ ਇੱਥੇ ਆਉਣ ਤੋਂ ਰੋਕਦੀ, ਵਿਕਾਸ ਕਾਰਜਾਂ ਵਿੱਚ ਅੜਿੱਕਾ ਬਣਦੀ ਅਤੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਸਾਧਨਾਂ ਤੋਂ ਵਾਂਝੇ ਰੱਖਦੀ ਹੈ। ਭਾਵੇਂ ਕੇਂਦਰ ਸ਼ਾਸਿਤ ਪ੍ਰਦੇਸ਼ (ਯੂ ਟੀ) ਲਈ ਸੂਬੇ ਦਾ ਦਰਜਾ ਬਹਾਲ ਹੋਣਾ ਅਜੇ ਵੀ ਬੁਝਾਰਤ ਬਣਿਆ ਹੋਇਆ ਹੈ, ਪਰ ਇੱਥੋਂ ਦੇ ਵਸਨੀਕਾਂ ਨੂੰ ਸਰਹੱਦ ਪਾਰੋਂ ਆਉਂਦੀ ਦਹਿਸ਼ਤਗਰਦੀ ਨੂੰ ਜੜ੍ਹੋਂ ਪੁੱਟਣ ਦੇ ਦਿਲਾਸਿਆਂ ਤੋਂ ਕਿਤੇ ਵਧ ਕੇ ਕੰਮ ਹੁੰਦਾ ਦਿਸਣਾ ਚਾਹੀਦਾ ਹੈ। ਸਥਾਨਕ ਅਤੇ ਪਾਕਿਸਤਾਨੀ ਮੂਲ ਦੇ ਦਹਿਸ਼ਤਗਰਦਾਂ ਨਾਲ ਨਜਿੱਠਣ ਅਤੇ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਇੱਕ ਭਰੋਸੇਯੋਗ ਅਤੇ ਲੰਮੇ ਸਮੇਂ ਤੱਕ ਕਾਰਗਰ ਰਹਿਣ ਵਾਲੀ ਰਣਨੀਤੀ ਦੀ ਸਖ਼ਤ ਲੋੜ ਹੈ।

ਐਮ.ਆਰ.ਐਸ.ਪੀ.ਟੀ.ਯੂ. ਕੈਂਪਸ ਨੇ 11ਵੇਂ ਅੰਤਰ-ਜ਼ੋਨਲ ਯੁਵਕ ਮੇਲੇ ਦੀ ਓਵਰਆਲ ਟਰਾਫ਼ੀ ਜਿੱਤੀ; ਬਾਬਾ ਫ਼ਰੀਦ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੂਜੇ ਸਥਾਨ 'ਤੇ ਰਿਹਾ

ਬਠਿੰਡਾ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਕੈਂਪਸ ਬਠਿੰਡਾ ਨੇ 11ਵੇਂ ਅੰਤਰ-ਜ਼ੋਨਲ ਯੁਵਕ ਮੇਲੇ-2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਯੂਨੀਵਰਸਿਟੀ ਨੇ ਵੱਖ-ਵੱਖ ਸੱਭਿਆਚਾਰਕ, ਸਾਹਿਤਕ ਅਤੇ ਕਲਾਤਮਕ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ ਓਵਰਆਲ ਟਰਾਫ਼ੀ ਜਿੱਤੀ।

ਬਾਬਾ ਫ਼ਰੀਦ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਿੰਡ ਦਿਓਣ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਸਵਾਮੀ ਵਿਵੇਕਾਨੰਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਬਠੂੜ ਤੀਜੇ ਸਥਾਨ 'ਤੇ ਰਿਹਾ।

ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿਖੇ 'ਜੁਗ ਜੁਗ ਜੀਵੇ ਪੰਜਾਬ' ਦੇ ਥੀਮ ਅਧੀਨ ਕਰਵਾਇਆ ਗਿਆ ਇਹ ਤਿੰਨ ਰੋਜ਼ਾ ਯੁਵਕ ਮੇਲਾ ਪੰਜਾਬੀ ਵਿਰਸੇ ਅਤੇ ਨੌਜਵਾਨਾਂ ਦੀ ਸਿਰਜਣਾਤਮਕ ਪ੍ਰਤਿਭਾ ਦੇ ਰੰਗ ਬਿਖੇਰਦਾ ਹੋਇਆ ਸ਼ਾਨਦਾਰ ਸਮਾਪਤੀ ਸਮਾਰੋਹ ਨਾਲ ਸੰਪੰਨ ਹੋਇਆ। ਇਸ ਮੇਲੇ ਵਿੱਚ ਯੂਨੀਵਰਸਿਟੀ ਦੇ ਕਾਂਸਟੀਚੁਐਂਟ ਅਤੇ ਐਫੀਲੀਏਟਿਡ ਕਾਲਜਾਂ ਦੇ 1,200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਸ੍ਰੀ ਮਨੀਸ਼ ਕੁਮਾਰ, ਆਈ.ਏ.ਐੱਸ., ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਟਰਾਫ਼ੀਆਂ ਤੇ ਇਨਾਮ ਤਕਸੀਮ ਕੀਤੇ। ਸਰਦਾਰ ਆਸਵੰਤ ਸਿੰਘ ਧਾਲੀਵਾਲ, ਸੁਪਰਡੈਂਟ ਆਫ਼ ਪੁਲਿਸ (ਸਿਟੀ), ਬਠਿੰਡਾ, ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਹ ਮੌਕਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ 246ਵੇਂ ਜਨਮ ਦਿਵਸ ਨੂੰ ਸਮਰਪਿਤ ਵੀ ਸੀ। ਇਸ ਮੌਕੇ ਪਤਵੰਤਿਆਂ ਨੇ ਮਹਾਨ ਸ਼ਾਸਕ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੀ ਬਹਾਦਰੀ, ਦੂਰਅੰਦੇਸ਼ੀ ਸੋਚ, ਧਰਮ ਨਿਰਪੱਖ ਪਹੁੰਚ ਅਤੇ ਪੰਜਾਬ ਨੂੰ ਇਕਜੁੱਟ ਕਰਨ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਅੱਜ ਵੀ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਏਕਤਾ, ਦ੍ਰਿੜ੍ਹ ਇਰਾਦੇ ਅਤੇ ਅਗਵਾਈ ਵਰਗੇ ਗੁਣ ਅਪਣਾਉਣ ਦਾ ਸੱਦਾ ਦਿੱਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਮਨੀਸ਼ ਕੁਮਾਰ ਨੇ ਯੁਵਕ ਮੇਲੇ ਦੀ ਸਫ਼ਲ ਸਮਾਪਤੀ 'ਤੇ ਯੂਨੀਵਰਸਿਟੀ ਪਰਿਵਾਰ, ਪ੍ਰਬੰਧਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। 'ਜੁਗ ਜੁਗ ਜੀਵੇ ਪੰਜਾਬ' ਦੇ ਥੀਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਯੁਵਕ ਮੇਲੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਆਪਣੀ ਸਿਰਜਣਾਤਮਕਤਾ ਅਤੇ ਪ੍ਰਤਿਭਾ ਦਿਖਾਉਣ ਲਈ ਮੰਚ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ, ਅਗਵਾਈ ਦੀ ਸਮਰੱਥਾ, ਟੀਮ ਭਾਵਨਾ, ਅਨੁਸ਼ਾਸਨ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਵਿਕਸਿਤ ਹੁੰਦੀ ਹੈ।

ਨੌਜਵਾਨਾਂ ਨੂੰ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਦੱਸਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਉੱਚੇ ਸੁਪਨੇ ਦੇਖਣ, ਸਖ਼ਤ ਮਿਹਨਤ ਕਰਨ ਅਤੇ ਗਿਆਨ, ਨਵੀਨਤਾ ਤੇ ਨਵੀਆਂ ਤਕਨੀਕਾਂ, ਖ਼ਾਸ ਕਰਕੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.), ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਸਫ਼ਲਤਾ ਤੋਂ ਘਬਰਾਉਣ ਦੀ ਬਜਾਏ ਇਸ ਨੂੰ ਸਿੱਖਣ ਅਤੇ ਅੱਗੇ ਵਧਣ ਦਾ ਮੌਕਾ ਸਮਝਣਾ ਚਾਹੀਦਾ ਹੈ।

ਵੱਖ-ਵੱਖ ਸ਼ ਣੀਆਂ ਦੇ ਨਤੀਜਿਆਂ ਅਨੁਸਾਰ ਐਮ.ਆਰ.ਐਸ.ਪੀ.ਟੀ.ਯੂ. ਮੁੱਖ ਕੈਂਪਸ, ਬਠਿੰਡਾ ਨੇ ਡਾਂਸ, ਥੀਏਟਰ ਅਤੇ ਫਾਈਨ ਆਰਟਸ ਵਿੱਚ ਓਵਰਆਲ ਜੇਤੂ ਹੋਣ ਦਾ ਮਾਣ ਹਾਸਲ ਕੀਤਾ। ਬਾਬਾ ਫ਼ਰੀਦ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਿੰਡ ਦਿਓਣ ਨੇ ਸੰਗੀਤ ਦੀ ਓਵਰਆਲ ਟਰਾਫ਼ੀ ਜਿੱਤੀ, ਜਦਕਿ ਐਸ.ਡੀ. ਕਾਲਜ ਆਫ਼ ਫਾਰਮੇਸੀ, ਬਰਨਾਲਾ ਨੇ ਸਾਹਿਤਕ ਮੁਕਾਬਲਿਆਂ ਵਿੱਚ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ।

ਯੁਵਕ ਮੇਲੇ ਦੌਰਾਨ ਨਾਚ, ਸੰਗੀਤ, ਥੀਏਟਰ, ਸਾਹਿਤ ਅਤੇ ਫਾਈਨ ਆਰਟਸ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਭੰਗੜਾ, ਗਿੱਧਾ, ਲੁੱਡੀ ਅਤੇ ਸੰਮੀ ਦੀਆਂ ਜੋਸ਼ੀਲੀਆਂ ਪੇਸ਼ਕਾਰੀਆਂ ਦੇ ਨਾਲ ਲੋਕ ਗਾਇਕੀ, ਸ਼ਾਸਤਰੀ ਅਤੇ ਪੱਛਮੀ ਸੰਗੀਤ, ਸਾਜ਼-ਵਾਦਨ, ਨਾਟਕ, ਕਵਿਤਾ, ਬਹਿਸ, ਭਾਸ਼ਣ ਅਤੇ ਕੁਇਜ਼ ਮੁਕਾਬਲਿਆਂ ਨੇ ਤਿੰਨੋਂ ਦਿਨ ਦਰਸ਼ਕਾਂ ਦਾ ਮਨ ਮੋਹਿਆ।

ਫਾਈਨ ਆਰਟਸ ਦੇ ਮੁਕਾਬਲਿਆਂ ਵਿੱਚ ਪੇਂਟਿੰਗ, ਪੋਸਟਰ ਮੇਕਿੰਗ, ਕਾਰਟੂਨਿੰਗ, ਕੋਲਾਜ ਮੇਕਿੰਗ, ਰੰਗੋਲੀ, ਮਹਿੰਦੀ, ਮਿੱਟੀ ਦੇ ਮਾਡਲ ਬਣਾਉਣ ਅਤੇ ਰਵਾਇਤੀ ਪੰਜਾਬੀ ਦਸਤਕਾਰੀ ਨਾਲ ਸਬੰਧਤ ਮੁਕਾਬਲੇ ਕਰਵਾਏ ਗਏ।

ਮੁਕਾਬਲਿਆਂ ਦੇ ਮੁਲਾਂਕਣ ਲਈ ਨਾਮਵਰ ਜੱਜਾਂ ਅਤੇ ਆਬਜ਼ਰਵਰਾਂ ਦਾ ਪੈਨਲ ਨਿਯੁਕਤ ਕੀਤਾ ਗਿਆ ਸੀ। ਜੱਜਾਂ ਵਿੱਚ ਪ੍ਰੋ. ਰਿਸ਼ੀ ਹਿਰਦੇਪਾਲ, ਡਾ. ਗੁਨਮਾਲਾ ਸੂਰੀ, ਮਿਸ ਪਰਮਜੀਤ ਕੌਰ ਬਰਾੜ (ਪਰਮ ਬਰਾੜ), ਸ੍ਰੀ ਰਾਜੀਵ ਅਰੋੜਾ, ਪ੍ਰੋ. (ਡਾ.) ਬ੍ਰਹਮਵੇਦ ਸ਼ਰਮਾ, ਪ੍ਰੋ.(ਡਾ.) ਨਰਿੰਦਰ ਸ਼ਰਮਾ, ਸ੍ਰੀ ਨਿਰਮਲ ਦਿਓਲ, ਪ੍ਰੋ. ਗੁਰਪ੍ਰੀਤ ਸਿੰਘ (ਸੋਨੀ), ਪ੍ਰੋ. (ਡਾ.) ਅਨੁਰੀਤ ਕੌਰ ਚੰਡੀ, ਮਿਸ ਜੋਤੀ ਚੌਧਰੀ, ਮਿਸ ਮਨੀਸ਼ਾ, ਡਾ. ਮਨਜੀਤ ਕੌਰ ਗਿੱਲ, ਡਾ. ਸਰਬਜੀਤ ਕੌਰ, ਸ੍ਰੀ ਵਿਨੋਦ ਖੁਰਾਣਾ, ਡਾ. ਸ਼ਸ਼ੀ ਕਾਲੜਾ, ਸ੍ਰੀ ਗੁਰਪ੍ਰੀਤ ਸਿੰਘ (ਆਰਟਿਸਟ), ਸ੍ਰੀ ਤਰਸੇਮ ਰਾਹੀ, ਡਾ. ਦਵਿੰਦਰ ਕੌਰ ਧੱਟ, ਪ੍ਰੋ. ਗੁਰਜੋਤ ਕੌਰ, ਮਿਸ ਮਨਪ੍ਰੀਤ ਕੌਰ ਬਰਾੜ, ਸ੍ਰੀ ਕੇਵਲ ਸਿੰਘ, ਸ੍ਰੀ ਰੰਮੀ ਸਿੱਧੂ, ਡਾ. ਰਣਬੀਰ ਸਿੰਘ ਕਿੰਗਰਾ, ਸ੍ਰੀ ਗੌਰਵ ਦੁੱਗਲ, ਸ੍ਰੀ ਕੀਰਤੀ ਕਿਰਪਾਲ, ਸ੍ਰੀ ਜੁਝਾਰ ਸਿੰਘ, ਸ੍ਰੀ ਸੁਖਵੀਰ ਸਿੰਘ ਬਰਾੜ, ਸ੍ਰੀ ਹਰਵਿੰਦਰ ਸਿੰਘ ਖਾਲੜਾ ਅਤੇ ਸਰਬਜੀਤ ਸਿੰਘ ਸ਼ਾਮਲ ਸਨ। ਆਬਜ਼ਰਵਰਾਂ ਵਜੋਂ ਸ. ਜਸਮੇਰ ਸਿੰਘ ਧੱਟ, ਪ੍ਰੋ. (ਡਾ.) ਸਤਵੰਤ ਕੌਰ ਅਤੇ ਪ੍ਰੋ. (ਡਾ.) ਜਵੰਤ ਕੌਰ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਸੰਜੀਵ ਕੁਮਾਰ ਸ਼ਰਮਾ ਨੇ ਡਾ. ਭੁਪਿੰਦਰ ਸਿੰਘ ਧੋਟ ਨੂੰ ਯੂਨੀਵਰਸਿਟੀ ਦੀ ਸਥਾਪਨਾ ਤੋਂ ਲੈ ਕੇ 11 ਸਾਲਾਂ ਤੱਕ ਡਾਇਰੈਕਟਰ ਯੁਵਕ ਭਲਾਈ ਵਜੋਂ ਨਿਭਾਈਆਂ ਸਮਰਪਿਤ ਸੇਵਾਵਾਂ ਅਤੇ ਜੀ.ਜ਼ੈੱਡ.ਐੱਸ.ਸੀ.ਸੀ.ਈ.ਟੀ., ਬਠਿੰਡਾ ਵਿਖੇ ਕੋਆਰਡੀਨੇਟਰ ਸੱਭਿਆਚਾਰਕ ਗਤੀਵਿਧੀਆਂ ਵਜੋਂ ਇੱਕ ਦਹਾਕੇ ਤੋਂ ਵੱਧ ਸਮੇਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ। ਉਨ੍ਹਾਂ ਨੇ 10 ਅੰਤਰ-ਜ਼ੋਨਲ ਯੁਵਕ ਮੇਲਿਆਂ ਦੇ ਸਫ਼ਲ ਆਯੋਜਨ ਅਤੇ ਵਿਦਿਆਰਥੀਆਂ ਦੀਆਂ ਸੱਭਿਆਚਾਰਕ ਤੇ ਸਾਹਿਤਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ, ਜਿਸ ਸਦਕਾ ਯੂਨੀਵਰਸਿਟੀ ਨੇ ਰਾਜ ਅਤੇ ਕੌਮੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ।

ਸਰਦਾਰ ਆਸਵੰਤ ਸਿੰਘ ਧਾਲੀਵਾਲ ਨੇ ਯੂਨੀਵਰਸਿਟੀ ਦੀ ਅਗਵਾਈ, ਪ੍ਰਬੰਧਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਦੇ ਉਤਸ਼ਾਹ ਅਤੇ ਸਿਰਜਣਾਤਮਕਤਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸੱਭਿਆਚਾਰਕ ਗਤੀਵਿਧੀਆਂ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਟੀਮ ਭਾਵਨਾ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਊਰਜਾ ਅਤੇ ਸਮਰੱਥਾ ਨੂੰ ਨਿੱਜੀ ਵਿਕਾਸ ਅਤੇ ਸਮਾਜ ਦੀ ਬਿਹਤਰੀ ਲਈ ਵਰਤਣ ਦਾ ਸੱਦਾ ਦਿੱਤਾ।

ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਵਾਈਸ ਚਾਂਸਲਰ ਪ੍ਰੋ. ਸੰਜੀਵ ਕੁਮਾਰ ਸ਼ਰਮਾ ਨੇ ਕਿਹਾ ਕਿ ਯੁਵਕ ਮੇਲੇ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਦੀ ਪਛਾਣ ਕਰਨ ਅਤੇ ਉਸ ਨੂੰ ਨਿਖਾਰਨ ਲਈ ਅਹਿਮ ਮੰਚ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿਰਫ਼ ਮੁਕਾਬਲਿਆਂ ਤੱਕ ਸੀਮਤ ਨਹੀਂ ਰਹਿੰਦੇ, ਸਗੋਂ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਆਤਮ-ਵਿਸ਼ਵਾਸ, ਅਗਵਾਈ ਅਤੇ ਟੀਮ ਭਾਵਨਾ ਪੈਦਾ ਕਰਨ ਦੇ ਨਾਲ ਉਨ੍ਹਾਂ ਨੂੰ ਆਪਣੀ ਮਾਂ-ਬੋਲੀ, ਪਰੰਪਰਾਵਾਂ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੋੜਦੇ ਹਨ। ਉਨ੍ਹਾਂ ਅਕਾਦਮਿਕ ਉੱਤਮਤਾ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦੁਹਰਾਈ।

ਇਸ ਯੁਵਕ ਮੇਲੇ ਦਾ ਆਯੋਜਨ ਵਾਈਸ ਚਾਂਸਲਰ ਪ੍ਰੋ. ਸੰਜੀਵ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਯੁਵਕ ਭਲਾਈ ਵਿਭਾਗ ਵੱਲੋਂ ਕੀਤਾ ਗਿਆ।

ਡਾਇਰੈਕਟਰ ਯੁਵਕ ਭਲਾਈ ਡਾ. ਇਕਬਾਲ ਸਿੰਘ ਬਰਾੜ ਨੇ ਆਪਣੀ ਟੀਮ ਨਾਲ ਇਸ ਮੇਲ

ਵਧੇਰੇ ਦੁੱਧ ਉਤਪਾਦਨ ਅਤੇ ਕਿਸਾਨਾਂ ਦੀ ਖ਼ੁਸ਼ਹਾਲੀ ਲਈ ਵਿਗਿਆਨਕ ਢੰਗ ਨਾਲ ਪਸ਼ੂ ਪ੍ਰਬੰਧਨ ਬੇਹੱਦ ਜ਼ਰੂਰੀ: ਗੁਰਮੀਤ ਸਿੰਘ ਖੁੱਡੀਆਂ

➢ ਵੈਟਰਨਰੀ ਅਫ਼ਸਰਾਂ ਨੂੰ ਬਿਮਾਰੀਆਂ ਦੀ ਰੋਕਥਾਮ, ਵਿਗਿਆਨਕ ਖੁਰਾਕ ਅਤੇ ਪਸ਼ੂ ਫਾਰਮਾਂ ਦੀ ਸਫ਼ਾਈ ਤੇ ਜੈਵਿਕ ਸੁਰੱਖਿਆ ਨੂੰ ਤਰਜੀਹ ਦੇਣ ਦਾ ਸੱਦਾ ➢ ਸੂਬਾ-ਪੱਧਰੀ ਤਕਨੀਕੀ ਸੈਮੀਨਾਰ ਦੌਰਾਨ ਆਧੁਨਿਕ ਡੇਅਰੀ ਫਾਰਮਿੰਗ, ਬਿਮਾਰੀਆਂ ਦੀ ਰੋਕਥਾਮ ਅਤੇ ਪ੍ਰਜਨਣ ਸਮਰੱਥਾ 'ਤੇ ਜ਼ੋਰ

ਚੰਡੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੀ ਡੇਅਰੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਅਤੇ ਪਸ਼ੂਆਂ ਦੇ ਵਿਗਿਆਨਕ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਚੁੱਕਦਿਆਂ ਪਸ਼ੂ ਪਾਲਣ ਵਿਭਾਗ ਵੱਲੋਂ ਇੱਥੇ ਕਿਸਾਨ ਭਵਨ ਵਿਖੇ ਵੈਟਰਨਰੀ ਅਫ਼ਸਰਾਂ ਲਈ ਰਾਜ-ਪੱਧਰੀ ਤਕਨੀਕੀ ਸੈਮੀਨਾਰ ਕਰਵਾਇਆ ਗਿਆ। ÷ਆਧੁਨਿਕ ਪਸ਼ੂ-ਪਾਲਣ ਪ੍ਰਬੰਧਨ: ਪੋਸ਼ਣ, ਬਿਮਾਰੀਆਂ ਦੀ ਰੋਕਥਾਮ, ਪ੍ਰਜਨਣ ਅਤੇ ਫਾਰਮਾਂ ਦੀ ਸਫਾਈ÷ ਵਿਸ਼ੇ ਹੇਠ ਕਰਵਾਏ ਗਏ ਇਸ ਸੈਮੀਨਾਰ ਦੀ ਪ੍ਰਧਾਨਗੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੀਤੀ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ. ਖੁੱਡੀਆਂ ਨੇ ਵੈਟਰਨਰੀ ਅਫਸਰਾਂ ਨੂੰ ਰਵਾਇਤੀ ਇਲਾਜ ਪ੍ਰਣਾਲੀ ਤੋਂ ਅੱਗੇ ਵਧਦਿਆਂ ਪਸ਼ੂਆਂ ਦੀ ਸਿਹਤ ਸੰਭਾਲ ਪ੍ਰਤੀ ਸਰਗਰਮ ਅਤੇ ਰੋਕਥਾਮ ਆਧਾਰਤ ਪਹੁੰਚ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵੈਟਰਨਰੀ ਅਫਸਰ ਵਿਗਿਆਨਕ ਤਰੱਕੀ ਅਤੇ ਪੇਂਡੂ ਖੁਸ਼ਹਾਲੀ ਵਿਚਕਾਰ ਇੱਕ ਅਹਿਮ ਕੜੀ ਵਜੋਂ ਕੰਮ ਕਰਦੇ ਹਨ ਅਤੇ ਆਧੁਨਿਕ ਵੈਟਰਨਰੀ ਜਾਣਕਾਰੀ ਰਾਹੀਂ ਡੇਅਰੀ ਕਿਸਾਨਾਂ ਨੂੰ ਲਾਭ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਸਾਨਾਂ ਨੂੰ ਵਿਗਿਆਨਕ ਤੌਰ 'ਤੇ ਸੰਤੁਲਿਤ ਖੁਰਾਕਾਂ, ਸੁਧਰੀ ਜੈਨੇਟਿਕ ਸਮਰੱਥਾ, ਕੁਸ਼ਲ ਪ੍ਰਜਨਨ ਪ੍ਰਬੰਧਨ, ਫਾਰਮ ਦੀ ਸੁਚੱਜੀ ਸਫਾਈ ਅਤੇ ਵਿਆਪਕ ਟੀਕਾਕਰਨ ਕਵਰੇਜ ਵੱਲ ਸੇਧ ਦੇਣ ਲਈ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਪਸ਼ੂਆਂ ਦੀ ਸਿਹਤ ਦੀ ਸੁਰੱਖਿਆ, ਦੁੱਧ ਉਤਪਾਦਕਤਾ ਵਿੱਚ ਸੁਧਾਰ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਸਮੇਂ ਸਿਰ ਰੋਕਥਾਮ ਸਿਹਤ ਸੰਭਾਲ ਅਤੇ ਬਿਹਤਰ ਪਸ਼ੂ ਪ੍ਰਬੰਧਨ ਅਭਿਆਸ ਜ਼ਰੂਰੀ ਹਨ।

ਪਸ਼ੂ ਪਾਲਣ ਮੰਤਰੀ ਨੇ ਵੈਟਰਨਰੀ ਸੇਵਾਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਜ਼ਮੀਨੀ ਪੱਧਰ 'ਤੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ, 'ਰਾਸ਼ਟਰੀ ਪਸ਼ੂ ਰੋਗ ਕੰਟਰੋਲ ਪ੍ਰੋਗਰਾਮ' (ਐਨਏਡੀਸੀਪੀ) ਤਹਿਤ ਸਖ਼ਤ 'ਸੋਰੋ-ਮਾਨੀਟਰਿੰਗ' ਪ੍ਰੋਟੋਕੋਲ ਲਾਗੂ ਕਰਨ ਅਤੇ ਲੈਬ ਖੋਜਾਂ ਨੂੰ ਫਾਰਮ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਤਕਨੀਕੀ ਸੈਸ਼ਨਾਂ ਵਿੱਚ ਡੇਅਰੀ ਪਸ਼ੂ ਪ੍ਰਬੰਧਨ ਦੇ ਮੁੱਖ ਪਹਿਲੂਆਂ 'ਤੇ ਉੱਘੇ ਵੈਟਰਨਰੀ ਮਾਹਿਰਾਂ ਦੁਆਰਾ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਜੀਵਨ ਗੁਪਤਾ ਨੇ ਡੇਅਰੀ ਫਾਰਮਾਂ ਦੀ ਲੰਬੇ ਸਮੇਂ ਦੀ ਸਥਿਰਤਾ ਅਤੇ ਮੁਨਾਫੇ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਲਾਗਤ ਪ੍ਰਬੰਧਨ ਅਤੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਦੀ ਮਹੱਤਤਾ ਨੂੰ ਉਜਾਗਰ ਕੀਤਾ। ਅਕਸਰ ਨਜ਼ਰਅੰਦਾਜ਼ ਕੀਤੀਆਂ ਚਿੰਤਾਵਾਂ ਜਿਵੇਂ ਕਿ ਸਬ-ਕਲੀਨਿਕਲ ਅਨੀਮੀਆ, ਰੂਮਿਨਲ ਪੀਐਚ ਵਿੱਚ ਉਤਰਾਅ-ਚੜ੍ਹਾਅ ਅਤੇ ਫੀਡ ਅਤੇ ਪਾਣੀ ਵਿੱਚ ਮਾਈਕੋਟੌਕਸਿਨ ਪ੍ਰਦੂਸ਼ਣ ਵੱਲ ਧਿਆਨ ਦਿੰਦਿਆਂ, ਉਨ੍ਹਾਂ ਸਿਹਤ ਸਬੰਧੀ ਮੁੱਦਿਆਂ ਦਾ ਸ਼ੁਰੂਆਤ ਵਿੱਚ ਹੀ ਪਤਾ ਲਗਾਉਣ ਲਈ ਸਮੇਂ-ਸਮੇਂ 'ਤੇ ਹੀਮੋਗਲੋਬਿਨ (ਐਚਬੀ) ਪ੍ਰੋਫਾਈਲਿੰਗ ਦੀ ਸਿਫਾਰਸ਼ ਕੀਤੀ। ਉਨ੍ਹਾਂ ਟਿੱਕ ਵੈਕਟਰਾਂ ਨੂੰ ਕੰਟਰੋਲ ਕਰਨ ਅਤੇ ਹੀਮੋਪ੍ਰੋਟੋਜੋਆਨ ਬਿਮਾਰੀਆਂ ਨੂੰ ਰੋਕਣ ਲਈ ਫਲੇਮ ਗਨ ਦੁਆਰਾ ਥਰਮਲ ਰੋਗਾਣੂ-ਮੁਕਤ ਕਰਨ ਸਮੇਤ ਪ੍ਰਭਾਵਸ਼ਾਲੀ ਟਿੱਕ-ਕੰਟਰੋਲ ਉਪਾਵਾਂ 'ਤੇ ਵੀ ਜ਼ੋਰ ਦਿੱਤਾ।

ਡਾ. ਰਵਿੰਦਰ ਗਰੇਵਾਲ ਨੇ ਰੂਮੀਨੈਂਟ ਪੋਸ਼ਣ 'ਤੇ ਬੋਲਦਿਆਂ ਕਿਹਾ ਕਿ ਵੱਧ ਉਤਪਾਦਕਤਾ ਵਾਲੇ ਪਸ਼ੂਆਂ ਦੀ ਜੈਨੇਟਿਕ ਸੰਭਾਵਨਾ ਦਾ ਵਿਗਿਆਨਕ ਤੌਰ 'ਤੇ ਤਿਆਰ ਕੀਤੇ ਅਤੇ ਪੜਾਅ-ਵਿਸ਼ੇਸ਼ ਪੋਸ਼ਣ ਰਾਹੀਂ ਹੀ ਪੂਰੀ ਤਰ੍ਹਾਂ ਪਤਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਵੱਛੇ ਅਤੇ ਵੱਛੀ ਪਾਲਣ ਦੌਰਾਨ ਪੋਸ਼ਣ ਸਬੰਧੀ ਕਮੀਆਂ ਭਵਿੱਖ ਵਿੱਚ ਦੁੱਧ ਚੁੰਘਾਉਣ ਦੀ ਕਾਰਗੁਜ਼ਾਰੀ 'ਤੇ ਮਾੜਾ ਪ੍ਰਭਾਵ ਪਾ ਸਕਦੀਆਂ ਹਨ। ਵੱਛੇ ਦੇ ਜਨਮ ਤੋਂ ਤਿੰਨ ਹਫ਼ਤੇ ਪਹਿਲਾਂ ਅਤੇ ਤਿੰਨ ਹਫ਼ਤੇ ਬਾਅਦ ਛੇ-ਹਫ਼ਤਿਆਂ ਦੇ ਮਹੱਤਵਪੂਰਨ ਸਮੇਂ ਨੂੰ ਉਜਾਗਰ ਕਰਦਿਆਂ, ਉਨ੍ਹਾਂ ਕੋਟੋਸਿਸ, ਫੈਟੀ ਲਿਵਰ ਸਿੰਡਰੋਮ ਅਤੇ ਹਾਈਪੋਕੈਲਸੀਮੀਆ ਵਰਗੇ ਪਾਚਕ ਵਿਕਾਰਾਂ ਨੂੰ ਘੱਟ ਕਰਨ ਲਈ ਅਨੁਸ਼ਾਸਿਤ ਪੋਸ਼ਣ ਪ੍ਰਬੰਧਨ 'ਤੇ ਜ਼ੋਰ ਦਿੱਤਾ।

ਪ੍ਰਜਨਨ ਕੁਸ਼ਲਤਾ ਅਤੇ ਪਸ਼ੂ ਉਤਪਾਦਕਤਾ 'ਤੇ ਵਿਚਾਰ ਕਰਦਿਆਂ, ਡਾ. ਕਰਨਬੀਰ ਸਿੰਘ ਭਿੰਡਰ ਨੇ ਪ੍ਰਜਨਨ ਕਾਰਜਕੁਸ਼ਲਤਾ ਅਤੇ ਡੇਅਰੀ ਫਾਰਮਾਂ ਦੀ ਆਰਥਿਕ ਵਿਹਾਰਕਤਾ ਵਿਚਕਾਰ ਸਬੰਧਾਂ ਨੂੰ ਉਜਾਗਰ ਕੀਤਾ। ਉਨ੍ਹਾਂ ਫੀਲਡ ਵਾਇਰਸ ਗਤੀਵਿਧੀ ਦੀ ਨਿਗਰਾਨੀ ਵਿੱਚ ਡੀਆਈਵੀਏ ਡਾਇਗਨੌਸਟਿਕਸ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਅਤੇ ਐਫਐਮਡੀ ਐਸਏਟੀ-1 ਸੇਰੋਟਾਈਪ ਸਮੇਤ ਵਾਇਰਲ ਸਟਰੇਨ ਦੇ ਸੰਭਾਵੀ ਤੌਰ 'ਤੇ ਪਸ਼ੂਆਂ ਵਿੱਚ ਦਾਖਲ ਹੋਣ ਵਿਰੁੱਧ ਵਧੇਰੇ ਚੌਕਸੀ ਦੀ ਮੰਗ ਕੀਤੀ। ਉਨ੍ਹਾਂ ਨੇ ਬੀਮਾਰੀਆਂ ਦੇ ਪ੍ਰਸਾਰ ਦੇ ਖ਼ਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਫਾਰਮ ਪੱਧਰ 'ਤੇ ਜੈਵਿਕ ਸੁਰੱਖਿਆ ਉਪਾਵਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਪਸ਼ੂ ਪਾਲਣ ਵਿਭਾਗ ਨੇ ਕਿਸਾਨਾਂ ਨੂੰ ਸੁਚੱਜਾ ਫਾਰਮ ਰਿਕਾਰਡ ਕਾਇਮ ਰੱਖਣ, ਪੜਾਅ-ਵਿਸ਼ੇਸ਼ ਪੋਸ਼ਣ ਸੰਤੁਲਨ ਅਪਣਾਉਣ ਅਤੇ ਡੇਅਰੀ ਕਲੱਸਟਰਾਂ ਵਿੱਚ 100 ਫੀਸਦ ਟੀਕਾਕਰਨ ਕਵਰੇਜ ਵੱਲ ਕੰਮ ਕਰਨ ਲਈ ਉਤਸ਼ਾਹਿਤ ਕਰਕੇ ਵਿਗਿਆਨਕ ਢੰਗ ਨਾਲ ਪਸ਼ੂ ਪਾਲਣ ਪ੍ਰਬੰਧਨ ਅਮਲਾਂ ਨੂੰ ਤੇਜ਼ ਕਰਨ ਦਾ ਸੰਕਲਪ ਲਿਆ। ਭਾਗ ਲੈਣ ਵਾਲੇ ਵੈਟਰਨਰੀ ਅਫਸਰਾਂ ਨੂੰ ਵੀ ਤਾਕੀਦ ਕੀਤੀ ਗਈ ਕਿ ਉਹ ਬਿਮਾਰੀ ਦੀ ਨਿਗਰਾਨੀ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਵਿਗਿਆਨਕ ਸਿਫ਼ਾਰਸ਼ਾਂ ਜ਼ਮੀਨੀ ਪੱਧਰ 'ਤੇ ਕਿਸਾਨਾਂ ਤੱਕ ਪਹੁੰਚ ਸਕਣ। ਸੈਮੀਨਾਰ ਦੇ ਅੰਤ ਵਿੱਚ ਪ੍ਰਬੰਧਕੀ ਲੀਡਰਸ਼ਿਪ ਅਤੇ ਵੈਟਰਨਰੀ ਅਫਸਰਾਂ ਵੱਲੋਂ ਪਸ਼ੂਆਂ ਦੀ ਸਿਹਤ ਸੰਭਾਲ ਵਿੱਚ ਤੇਜ਼ੀ ਲਿਆਉਣ, ਫੀਲਡ ਪੱਧਰੀ ਬਿਮਾਰੀਆਂ ਦੀ ਨਿਗਰਾਨੀ ਵਿੱਚ ਸੁਧਾਰ ਕਰਨ ਅਤੇ ਬਿਹਤਰ ਪਸ਼ੂ ਭਲਾਈ, ਵਧੇਰੇ ਦੁੱਧ ਉਤਪਾਦਕਤਾ ਅਤੇ ਪੰਜਾਬ ਦੇ ਡੇਅਰੀ ਸੈਕਟਰ ਦੀ ਆਰਥਿਕ ਸਥਿਰਤਾ ਲਈ ਆਧੁਨਿਕ ਡੇਅਰੀ ਫਾਰਮਿੰਗ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਸਮੂਹਿਕ ਵਚਨਬੱਧਤਾ ਪ੍ਰਗਟਾਈ।

ਗੁਰਮੀਤ ਖੁੱਡੀਆਂ ਨੇ ਪਸ਼ੂ ਪਾਲਣ ਵਿਭਾਗ ਵਿੱਚ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

ਇਸੇ ਦੌਰਾਨ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਪਾਲਣ ਵਿਭਾਗ ਵਿੱਚ ਦੋ ਕਲਰਕਾਂ ਅਤੇ ਇੱਕ ਦਰਜਾ ਚਾਰ ਕਰਮਚਾਰੀ ਨੂੰ ਨਿਯੁਕਤੀ ਪੱਤਰ ਸੌਂਪੇ।

ਸ. ਖੁੱਡੀਆਂ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਬਿਨਾਂ ਕਿਸੇ ਸਿਫ਼ਾਰਿਸ਼ ਜਾਂ ਪੱਖਪਾਤ ਦੇ ਨਿਰੋਲ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਪੰਜਾਬ ਦੇ ਲੋਕਾਂ ਦੀ ਇਮਾਨਦਾਰੀ ਅਤੇ ਪੂਰੀ ਲਗਨ ਨਾਲ ਸੇਵਾ ਕਰਨ ਅਤੇ 'ਰੰਗਲਾ ਪੰਜਾਬ' ਸਿਰਜਣ ਦੇ ਮਿਸ਼ਨ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

5 ਪਿੰਡਾਂ ਨੂੰ ਸਟੀਲ ਟੈਂਕਰ ਕਮ ਫਾਇਰ ਬ੍ਰਿਗੇਡ ਪੰਪ ਮੁਹੱਈਆ ਕਰਵਾਏ



ਸ੍ਰੀ ਫਤਹਿਗੜ੍ਹ ਸਾਹਿਬ,19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਪਿੰਡਾਂ ਵਿੱਚ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਪੰਜ ਪਿੰਡਾਂ ਹਿੰਦੂਪੁਰ, ਰਜਿੰਦਰਗੜ੍ਹ, ਈਸਰਹੇਲ, ਰਾਮਪੁਰ ਨੌ ਆਬਾਦ ਅਤੇ ਖਰੌੜਾ ਨੂੰ ਸਟੀਲ ਟੈਂਕਰ ਕਮ ਫਾਇਰ ਬ੍ਰਿਗੇਡ ਪੰਪ ਮੁਹੱਈਆ ਕਰਵਾਏ ਗਏ ਹਨ। ਇਨ੍ਹਾਂ ਟੈਂਕਰਾਂ ਦੀ ਮਿਆਦ 10 ਸਾਲ ਹੈ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਇਹ ਅੱਗ ਬੁਝਾਉਣ ਵਾਲੀ ਫਾਇਰ ਬ੍ਰਿਗੇਡ ਗੱਡੀ ਵਜੋਂ ਕੰਮ ਕਰਨਗੇ।

ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਨ ਦੇ ਨਾਲ-ਨਾਲ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸੁਰੱਖਿਆ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਅੱਗ ਲੱਗਣ ਵਰਗੀਆਂ ਅਣਸੁਖਾਵੀਆਂ ਘਟਨਾਵਾਂ ਸਮੇਂ ਇਹ ਟੈਂਕਰ ਬੇਹੱਦ ਲਾਹੇਵੰਦ ਸਾਬਤ ਹੋਣਗੇ ਅਤੇ ਪਿੰਡ ਵਾਸੀਆਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ।

ਇਸ ਤੋਂ ਇਲਾਵਾ ਲੰਗਰ ਲਗਾਉਣ ਸਮੇਂ ਇਹਨਾਂ ਦੀ ਆਮ ਤੌਰ ਤੇ ਲੋੜ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਹਲਕਾ ਫਤਿਹਗੜ੍ਹ ਸਾਹਿਬ ਦੇ ਕਈ ਪਿੰਡਾਂ ਨੂੰ ਪਾਣੀ ਵਾਲੇ ਟੈਂਕਰ ਮੁਹੱਈਆ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਕਾਰਜਾਂ ਦੀ ਲੜੀ ਲਗਾਤਾਰ ਜਾਰੀ ਰਹੇਗੀ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਸਿੰਘ ਡੇਰਾ, ਜਗਜੀਤ ਸਿੰਘ ਰਿਉਣਾ, ਗੁਰਨਾਇਬ ਸਿੰਘ ਹਿੰਦੂਪੁਰ, ਸੁਖਬੀਰ ਸਿੰਘ ਇਸਰਹੇਲ, ਬੀਕਰ ਸਿੰਘ ਰਜਿੰਦਰਗੜ੍ਹ, ਬਲਜਿੰਦਰ ਸਿੰਘ ਰਜਿੰਦਰਗੜ੍ਹ, ਸਤਨਾਮ ਸਿੰਘ ਖਰੌੜਾ, ਅਵਤਾਰ ਸਿੰਘ ਖਰੌੜਾ, ਜਗਜੋਤ ਸਿੰਘ ਸਾਧੂਗੜ੍ਹ, ਲਖਵਿੰਦਰ ਸਿੰਘ ਜਾਗੋ, ਵਿਕਰਮਜੀਤ ਸਿੰਘ ਵਿੱਕੀ ਵਾਈਸ ਚੇਅਰਮੈਨ ਬਲੌਕ ਖੇੜਾ, ਸਤਬੀਰ ਸਿੰਘ, ਪੀਏ ਸਤੀਸ਼ ਲਟੌਰ ਆਦਿ ਵੀ ਹਾਜਰ ਸਨ।

ਗੁਰਦਾਸਪੁਰ ਅਤੇ ਓਟ ਸੈਂਟਰ ਧਾਰੀਵਾਲ ਵਿਖੇ ਨਸ਼ਾ ਪੀੜਤਾਂ ਨੂੰ ਸਕਿਲ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ ਗਈ

ਗੁਰਦਾਸਪੁਰ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਦੀ ਅਗਵਾਈ ਹੇਠ ਜਿਥੇ ਡਰੱਗ ਹਾਟਸਪਾਟ ਖੇਤਰ ਵਿਚ ਸੀ.ਸੀ.ਟੀ.ਵੀ ਕੈਮਰੇ ਲਗਾਉਣ ਸਮੇਤ ਵੱਖ-ਵੱਖ ਵਿਕਾਸ ਕੰਮ ਕਰਵਾਏ ਜਾ ਰਹੇ ਹਨ, ਉਸ ਦੇ ਨਾਲ ਨਸ਼ੇ ਦੇ ਜਾਲ ਵਿਚ ਫਸੇ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ।

ਨਰੇਸ਼ ਕੁਮਾਰ,ਜ਼ਿਲ੍ਹਾ ਰੁਜਗਾਰ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਜ਼ਿਲ੍ਹਾ ਰੋਜਗਾਰ ਬਿਊਰੋ ਕਾਰੋਬਾਰ ਦੀ ਟੀਮ ਵਲੋਂ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਮੁੜ ਵਸੇਬਾ ਸੈਂਟਰ ਅਤੇ ਓਟ ਸੈਂਟਰ ਧਾਰੀਵਾਲ ਦਾ ਦੌਰਾ ਕੀਤਾ ਗਿਆ। ਸਕਿਲ ਡਿਵਲਪਮੈਂਟ ਤੋਂ ਬੀ ਐਮ ਐਮ ਮਨਪ੍ਰੀਤ ਸਿੰਘ, ਜ਼ਿਲ੍ਹਾ ਰੋਜਗਾਰ ਦਫਤਰ ਤੋਂ ਗਗਨ ਧਾਲੀਵਾਲ ਵੱਲੋਂ ਨਸ਼ਾ ਪੀੜਤਾਂ ਨੂੰ ਮਿਲਕੇ ਉਨਾਂ ਦੀ ਕਾਂਉਸਲਿੰਗ ਕੀਤੀ ਗਈ ਅਤੇ ਸਕਿਲ ਡਿਵੈਪਮੈਂਟ ਮਿਸ਼ਨ ਤਹਿਤ ਸਕਿਲ ਟਰੇਨਿੰਗ ਪ੍ਰੋਗਰਾਮ ਦੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਅਤੇ ਨਸ਼ਾ ਪੀੜਤਾਂ ਵੱਲੋਂ ਵੀ ਸਕਿਲ ਡਿਵੈਲਪਮੈਂਟ ਦੇ ਸਬੰਧ ਵਿਚ ਪੂਰੀ ਰੁਚੀ ਜਾਣਕਾਰੀ ਲਈ ਗਈ।

ਇਸ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਨਸ਼ਾ ਛੱਡਣ ਲਈ ਉਪਲਬਧ ਇਲਾਜ ਸੇਵਾਵਾਂ ਅਤੇ ਨਸ਼ਾ ਪੀੜਤ ਵਿਅਕਤੀਆਂ ਦੀ ਮਦਦ ਕਰਨ ਬਾਰੇ ਜਾਗਰੂਕ ਕੀਤਾ ਗਿਆ।

ਜ਼ਿਲ੍ਹਾ ਰੋਜਗਾਰ ਅਫਸਰ ਗੁਰਦਾਸਪੁਰ ਨੇ ਅੱਗੇ ਦਸਿਆ ਪੀੜਤਾਂ ਨੂੰ ਨਸ਼ੇ ਦੇ ਰਾਹ ਨੂੰ ਛੱਡ ਕੇ ਕੋਈ ਨਾ ਕੋਈ ਸਕਿੱਲ ਪ੍ਰਾਪਤ ਕਰਕੇ ਕੋਈ ਚੰਗਾ ਰੋਜਗਾਰ ਜਾਂ ਸਵੈ-ਰੁਜ਼ਗਾਰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਬੇਰੋਜ਼ਗਾਰ ਪਾਰਥੀਆਂ ਦੇ ਰੁਜ਼ਗਾਰ ਸਬੰਧੀ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ, ਜਿਵੇਂ ਕਿ ਜਿਹੜੇ ਪ੍ਰਾਰਥੀ ਭਵਿੱਖ ਦੇ ਕਰੀਅਰ ਸਬੰਧੀ ਜਾਣਕਾਰੀ ਲੈਣੀ ਚਾਹੁੰਦੇ ਹਨ, ਉਨ੍ਹਾਂ ਦੀ ਮੁਫਤ ਕਰੀਅਰ ਕਾਊਂਸਲਿੰਗ ਕੀਤੀ ਜਾਂਦੀ ਹੈ। ਜੋ ਪ੍ਰਾਰਥੀ ਨੌਕਰੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਦਫ਼ਤਰ ਦੇ ਪਲੇਸਮੈਂ

ਵਾਲ਼ਾਂ ਦਾ ਝੜਨਾ ਵੀ ਹੈ ਇਕ ਬਿਮਾਰੀ

ਅੱਜਕੱਲ੍ਹ ਦੇ ਮੌਸਮ 'ਚ ਬਹੁਤ ਸਾਰੇ ਲੋਕਾਂ ਨੂੰ ਡੈਂਡਰਫ ਦਾ ਸਾਹਮਣਾ ਕਰਨਾ ਪੈਂਦਾ ਹੈ। ਵਾਲ਼ਾਂ 'ਚ ਡੈਂਡਰਫ ਹੋਣ ਨਾਲ ਪਰਸਨੈਲਿਟੀ ਤਾਂ ਖ਼ਰਾਬ ਹੁੰਦੀ ਹੈ ਨਾਲ ਹੀ ਵਾਲ਼ ਬੇਜਾਨ ਤੇ ਕਮਜ਼ੋਰ ਵੀ ਹੋ ਜਾਂਦੇ ਹਨ। ਜੇ ਤੁਸੀ ਵੱਖ-ਵੱਖ ਚੀਜ਼ਾਂ ਵਰਤਣ ਨਾਲ ਵੀ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਪੈਂਦਾ। ਆਓ ਅੱਜ ਅਸੀਂ ਤੁਹਾਨੂੰ ਡੈਂਡਰਫ ਤੋਂ ਛੁਟਕਾਰਾ ਪਾਉਣ ਲਈ ਘਰੇਲੂ ਨੁਸਖ਼ਿਆਂ ਬਾਰੇ ਦਸਦੇ ਹਾਂ।

ਵਾਲ਼ਾਂ ਦੀ ਸਫ਼ਾਈ

ਕਈ ਵਾਰ ਵਿਅਸਤ ਹੋਣ ਕਾਰਨ ਜਾਂ ਫਿਰ ਲਾਪ੍ਰਵਾਹ ਹੋਣ ਦੇ ਕਾਰਨ ਵਾਲ਼ਾਂ ਦੀ ਸਫ਼ਾਈ ਦਾ ਧਿਆਨ ਨਹੀਂ ਰੱਖਿਆ ਜਾਂਦਾ ਜਿਸ ਕਰਕੇ ਡੈਂਡਰਫ ਦਾ ਸਾਹਮਣਾ ਕਰਨਾ ਪੈਂਦਾ ਹੈ। ਵਾਲ਼ਾਂ ਨੂੰ ਹਫ਼ਤੇ 'ਚ ਦੋ-ਤਿੰਨ ਵਾਰ ਧੋਣਾ ਚਾਹੀਦਾ ਹੈ।

ਤੇਲ ਦੀ ਮਾਲਿਸ਼

ਬਜ਼ੁਰਗ ਹਮੇਸ਼ਾ ਤੇਲ ਦੀ ਮਾਲਿਸ਼ ਕਰਦੇ ਹਨ ਤੇ ਸਾਨੂੰ ਵੀ ਮਾਲਿਸ਼ ਕਰਨ ਲਈ ਕਹਿੰਦੇ ਰਹਿੰਦੇ ਹਨ ਪਰ ਅੱਜਕੱਲ੍ਹ ਦੇ ਬੱਚੇ ਇਸ ਨੂੰ ਜ਼ਰੂਰੀ ਨਾ ਸਮਝਦੇ ਜਿਸ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਸਹੀ ਤਰੀਕੇ ਨਾਲ ਸਹੀ ਸਮੇਂ ਤੇ ਤੇਲ ਦੀ ਮਾਲਿਸ਼ ਕੀਤੀ ਜਾਵੇ ਤਾਂ ਵਾਲ਼ਾਂ 'ਚ ਕਦੀ ਵੀ ਡੈਂਡਰਫ ਨਹੀਂ ਪੈਂਦੀ। ਤੇਲ ਨਾਲ ਵਾਲ਼ਾਂ ਨੂੰ ਪੋਸ਼ਣ ਮਿਲਦਾ ਹੈ ਅਤੇ ਮਾਸ-ਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ।

ਸਟੀਮ ਵੀ ਹੈ ਜ਼ਰੂਰੀ

ਜਦੋਂ ਅਸੀਂ ਸੈਲੂਨ ਜਾਂਦੇ ਹਾਂ ਤਾਂ ਕਈ ਵਾਰ ਵਾਲ਼ਾਂ ਨੂੰ ਸਟੀਮ ਦਿੱਤੀ ਜਾਂਦੀ ਹੈ। ਇਹ ਸਾਡੇ ਵਾਲ਼ਾਂ ਲਈ ਬਹੁਤ ਹੀ ਜ਼ਰੂਰੀ ਹੈ ਇਸ ਨਾਲ ਗੰਦਗੀ ਵੀ ਨਿਕਲ ਜਾਂਦੀ ਹੈ ਤੇ ਡੈਂਡਰਫ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।


ਫ਼ਾਇਦੇਮੰਦ ਆਂਵਲਾ

ਆਂਵਲੇ ਨੂੰ ਵਾਲ਼ਾਂ ਦੇ ਲਈ ਵਰਦਾਨ ਕਿਹਾ ਜਾਂਦਾ ਹੈ। ਤੁਸੀ ਚਾਹੁੰਦੇ ਹੋ ਤਾਂ ਆਂਵਲਾ ਖਾਂ ਵੀ ਸਕਦੇ ਹੋ ਤਾਂ ਵਾਲ਼ਾਂ 'ਤੇ ਵੀ ਲੱਗਾ ਸਕਦੇ ਹੋ। ਆਂਵਲੇ ਦੇ ਤੇਲ 'ਚ ਤੁਲਸੀ ਤੇ ਆਂਵਲੇ ਦਾ ਪਾਊਡਰ ਨੂੰ ਚੰਗੀ ਤਰ੍ਹਾਂ ਮਿਲਾ ਕੇ ਵਾਲ਼ਾਂ 'ਤੇ ਲਗਾ ਸਕਦੇ ਹੋ। ਤੇਲ ਲਗਾਉਣ ਤੋਂ ਬਾਅਦ ਵਾਲ਼ਾਂ ਨੂੰ ਚੰਗੀ ਤਰ੍ਹਾਂ ਧੋ ਲਓ ਇਸ ਨਾਲ ਡੈਂਡਰਫ ਦੀ ਸਮੱਸਿਆ ਕਾਫ਼ੀ ਹੱਦ ਤਕ ਖ਼ਤਮ ਹੋ ਜਾਵੇਗੀ।

ਨਿੰਬੂ ਦਾ ਰਸ

ਨਿੰਬੂ ਦੇ ਰਸ 'ਚ ਪ੍ਰਚੁਰ ਮਾਤਰਾ 'ਚ ਐਂਟੀਆਕਸੀਡੈਂਟ ਵਿਟਾਮਿਨ-ਸੀ, ਈ, ਬੀ ਤੇ ਫਾਸਫੋਰਸ ਪਾਇਆ ਜਾਂਦਾ ਹੈ। ਇਹ ਸਾਰੇ ਤੱਤ ਵਾਲ਼ਾਂ ਨੂੰ ਡੈਂਡਰਫ ਤੋਂ ਮੁਕਤ ਤਾਂ ਕਰਦੇ ਹਨ ਨਾਲ ਹੀ ਚਮਕ ਵੀ ਦਿੰਦੇ ਹਨ। ਜੇ ਤੁਸੀਂ ਨਹਾਉਣ ਤੋਂ ਪਹਿਲਾਂ ਨਿੰਬੂ ਦੇ ਰਸ ਨਾਲ ਮਾਲਿਸ਼ ਕਰੋਗੇ ਤਾਂ ਕਾਫ਼ੀ ਹੱਦ ਤਕ ਆਰਾਮ ਮਿਲੇਗਾ।

ਜੇ ਸਹੀ ਤਰੀਕੇ ਨਾਲ ਸਹੀ ਸਮੇਂ 'ਤੇ ਤੇਲ ਦੀ ਮਾਲਿਸ਼ ਕੀਤੀ ਜਾਵੇ ਤਾਂ ਵਾਲ਼ਾਂ 'ਚ ਕਦੀ ਵੀ ਡੈਂਡਰਫ ਨਹੀਂ ਪੈਂਦੀ। ਤੇਲ ਨਾਲ ਵਾਲ਼ਾਂ ਨੂੰ ਪੋਸ਼ਣ ਮਿਲਦਾ ਹੈ ਅਤੇ ਮਾਸ-ਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ।





ਅਮਰਜੀਤ ਕੌਰ ਵਿਰਦੀ
ਮੋਬਾਈਲ 9530749092



ਸਰੀਰ ਦੇ ਵਿਕਾਸ ਲਈ ਅਹਿਮ ਸਰੋਤ ਪ੍ਰੋਟੀਨ

ਕਾਰਬੋਹਾਈਡ੍ਰੇਟ ਤੋਂ ਬਾਅਦ ਭੋਜਨ ਦਾ ਦੂਜਾ ਜ਼ਰੂਰੀ ਸਮੂਹ ਹੈ- ਪ੍ਰੋਟੀਨ। ਸਰੀਰ ਦੀਆਂ ਹੱਡੀਆਂ, ਮਾਸ-ਪੇਸ਼ੀਆਂ, ਚਮੜੀ, ਵਾਲ਼ ਨਹੁੰ ਤੇ ਖ਼ੂਨ ਬਣਨ 'ਚ ਸਹਾਇਕ ਹੋਣ ਕਰਕੇ ਪ੍ਰੋਟੀਨ ਨੂੰ ਸਰੀਰ ਦੇ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਸਰੀਰ ਦੇ ਵਾਧੇ ਵਿਕਾਸ ਲਈ ਰੋਜ਼ਾਨਾ ਕੰਮ ਕਰਨ, ਕਸਰਤ ਕਰਨ ਜਾਂ ਬਿਮਾਰੀ ਕਾਰਨ ਮਾਸ-ਪੇਸ਼ੀਆਂ ਦੇ ਸੈੱਲਾਂ ਦੀ ਟੁੱਟ-ਭੱਜ ਦੀ ਮੁਰਮੰਤ ਪ੍ਰੋਟੀਨ ਲੋੜੀਂਦੀ ਹੈ।

ਪ੍ਰੋਟੀਨ

ਕਾਰਬਨ, ਹਾਈਡ੍ਰੋਜਨ, ਆਕਸੀਜਨ, ਨਾਈਟ੍ਰੋਜਨ, ਸਲਫਰ, ਫਾਸਫੋਰਸ ਤੱਤਾਂ ਤੋਂ ਮਿਲ ਕੇ ਬਣੇ ਅਮੀਨੋ ਐਸਿਡ ਹਨ ਜੋ ਸਰੀਰ ਦੀਆਂ ਅੰਦਰਲੀਆਂ ਗਤੀ ਵਿਧੀਆਂ ਲਈ ਹਾਰਮੋਨਜ਼ ਤੇ ਐਨਜਾਈਮਜ਼ ਬਣਨ ਲਈ ਕੈਟਾਲਿਸਟ ਦਾ ਕੰਮ ਕਰਦੀ ਹੈ। ਸਾਡੇ ਸਰੀਰ ਨੂੰ 20 ਅਮੀਨੋ ਐਸਿਡ ਹੀ ਲੋੜ ਹੁੰਦੀ ਹੈ ਜੋ ਪ੍ਰੋਟੀਨ ਤੋਂ ਮਿਲਦੇ ਹਨ ਪਰ ਬਾਹਰੋਂ ਭੋਜਨ ਦੇ ਰੂਪ 'ਚ ਸਿਰਫ਼ ਦਸ ਅਮੀਨੋ ਐਸਿਡ ਹੀ ਲੈਣੇ ਪੈਂਦੇ ਹਨ। ਇਸ ਲਈ ਭੋਜਨ 'ਚ ਪ੍ਰੋਟੀਨ ਉਚਿਤ ਮਾਤਰਾ 'ਚ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ।

ਪ੍ਰੋਟੀਨ ਦੀ ਰੋਜ਼ਾਨਾ ਲੋੜ

ਰੋਜ਼ਾਨਾ ਭੋਜਨ ਦਾ 10-15 ਫ਼ੀਸਦੀ ਹਿੱਸਾ ਲਗਪਗ 30-40 ਗ੍ਰਾਮ ਪ੍ਰੋਟੀਨ ਜ਼ਰੂਰ ਸ਼ਾਮਿਲ ਕਰਨੀ ਚਾਹੀਦੀ ਹੈ। ਸਰੀਰ ਦੇ ਕਿਲੋਗ੍ਰਾਮ ਵਜ਼ਨ ਲਈ ਇਕ ਗ੍ਰਾਮ ਪ੍ਰੋਟੀਨ ਖਾਣੀ ਚਾਹੀਦੀ ਹੈ। ਜੇ ਮੋਟਾਪਾ ਹੈ ਤਾਂ 0.8 ਗ੍ਰਾਮ ਪ੍ਰੋਟੀਨ ਠੀਕ ਰਹੇਗੀ।

ਪ੍ਰੋਟੀਨ ਦੇ ਸਰੋਤ

ਦੁੱਧ, ਦਹੀ, ਪਨੀਰ, ਖੋਆ, ਬਹੁਲੀ, ਦੁੱਧ ਆਦਿ ਤੋਂ ਬਣੇ ਸਾਰੇ ਪਦਾਰਥ ਖਾਣੇ ਚਾਹੀਦੇ ਹਨ। ਇਹ ਸਾਡੇ ਸਰੀਰ ਲਈ ਬਹੁਤ ਹੀ ਲਾਭਕਾਰੀ ਹਨ।

ਦਾਲਾਂ

ਪੁੰਗਰੀਆਂ ਦਾਲ਼ਾਂ, ਰਾਜਮਾਂਹ, ਚਨੇ, ਸੋਇਆਬੀਨ, ਮਟਰ ਆਦਿ। ਦੋ ਜਾਂ ਦੋ ਤੋਂ ਵੱਧ ਦਾਲ਼ਾਂ ਮਿਲਾ ਕੇ ਖਾਣ ਨਾਲ ਵੱਧ ਅਮੀਨੋ ਐਸਿਡ ਸਰੀਰ ਨੂੰ ਮਿਲਦੇ ਹਨ।

ਬੀਜ ਤੇ ਸੁੱਕੇ ਮੇਵੇ

ਕੱਦੂ, ਖੀਰਾ, ਤਰਬੂਜ, ਖਰਬੂਜਾ, ਤਿਲ, ਅਲਸੀ, ਸੂਰਜਮੁਖੀ ਦੇ ਬੀਜ ਆਦਿ। ਸੁੱਕੇ ਮੇਵੇ- ਅਖਰੋਟ, ਬਦਾਮ, ਕਾਜੂ, ਪਿਸਤਾ, ਮੂੰਗਫਲੀ ਤੇ ਮੱਛੀ, ਆਂਡੇ, ਪ੍ਰੋਟੀਨ ਦੇ ਬਹੁਤ ਵਧੀਆ ਸਰੋਤ ਹਨ। ਇਨ੍ਹਾਂ ਦੇ ਸੇਵਨ ਨਾਲ ਸਰੀਰ 'ਚ ਕਦੀ ਵੀ ਕਮਜ਼ੋਰੀ ਨਹੀਂ ਮਹਿਸੂਸ ਹੁੰਦੀ ਇਸ ਲਈ ਇਨ੍ਹਾਂ ਚੀਜ਼ਾਂ ਦਾ ਸੇਵਨ ਕਰਦੇ ਹੀ ਰਹਿਣਾ ਚਾਹੀਦਾ ਹੈ।

ਪੁੰਗਰੀਆਂ ਦਾਲਾਂ

ਪੁੰਗਰੀਆਂ ਦਾਲਾਂ ਦੇ ਬੀਜ ਸਰੀਰ ਨੂੰ ਐਨਰਜੀ ਪ੍ਰਦਾਨ ਕਰਦੇ ਹਨ। ਪੁੰਗਰੀਆਂ ਦਾਲਾਂ 'ਚ ਵਿਟਾਮਿਨ-ਸੀ ਦੀ ਕਾਫ਼ੀ ਮਾਤਰਾ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਏ-1, ਬੀ-6 ਕਾਫ਼ੀ ਮਾਤਰਾ 'ਚ ਪਾਏ ਜਾਂਦੇ ਹਨ। ਆਇਰਨ, ਮੈਗਨੀਸ਼ੀਅਮ, ਫਾਸਫੋਰਸ, ਪੋਟੈਸ਼ੀਅਮ, ਜਿੰਕ ਦੀ ਵੀ ਉਪਲਬਦੀ ਹੁੰਦੀ ਹੈ। ਪੁੰਗਰੀਆਂ ਦਾਲਾਂ 'ਚ ਰੇਸ਼ੇ ਦੀ ਮਾਤਰਾ ਸੁੱਕੀਆਂ ਦਾਲਾਂ ਨਾਲੋਂ ਜ਼ਿਆਦਾ ਹੁੰਦੀ ਹੈ। ਪੁੰਗਰੀਆਂ ਦਾਲਾਂ ਦਾ ਗੁਲੂਕੋਸ ਲੈਵਲ ਵੀ ਘੱਟ ਹੁੰਦਾ ਹੈ। ਇਸ ਕਰ ਕੇ ਇਨ੍ਹਾਂ ਚੀਜ਼ਾਂ ਨੂੰ ਆਪਣੇ ਭੋਜਨ 'ਚ ਸ਼ਾਮਿਲ ਕਰਨਾ ਚਾਹੀਦਾ ਹੈ।

ਸਰਦੀ ਦੀ ਰੁੱਤ 'ਚ

ਸਰੀਰ ਦੇ ਵਾਧੇ ਤੇ ਵਿਕਾਸ ਲਈ ਪ੍ਰੋਟੀਨ ਦਾ ਵਧੀਆ ਸਰੋਤ ਹੈ। ਇਸ 'ਚ ਕਾਫ਼ੀ ਮਾਤਰਾ 'ਚ ਓਮੈਗਾ ਫੈਟ ਪਾਇਆ ਜਾਂਦਾ ਹੈ ਜੋ ਮਾੜੇ ਕੋਲੈਸਟ੍ਰੋਲ ਨੂੰ ਘੱਟ ਕਰ ਕੇ ਚੰਗੇ ਕੋਲੈਸਟ੍ਰੋਲ ਨੂੰ ਵਧਾਉਣ 'ਚ ਮਦਦਗਾਰ ਹੈ। ਇਹ ਦਿਲ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਂਦੀ ਹੈ। ਇਹ ਮਿਹਦੇ ਦੇ ਕੈਂਸਰ 'ਤੇ ਵੀ ਰੋਕ ਲਗਾਉਂਦੀ ਹੈ। ਮੂੰਗਫਲੀ ਵਿਟਾਮਿਨ ਈ, ਸੀ ਤੇ ਬੀ ਹੁੰਦੇ ਹਨ। ਜ਼ਿਆਦਾ ਮੂੰਗਫਲੀ ਸੋਡੀਅਮ ਦੀ ਮਾਤਰਾ ਵਧਾ ਸਕਦੀ ਹੈ ਇਸ ਲਈ ਥੋੜ੍ਹੀ ਖਾਓ ਪਰ ਜ਼ਰੂਰ ਖਾਓ।

ਬੀਜ ਦਿਮਾਗ਼ ਦੀ ਖ਼ੁਰਾਕ

ਪੁਰਾਣੇ ਸਮੇਂ ਤੋਂ ਹੀ ਬੀਜਾਂ ਨੂੰ ਚਾਰ ਮਗਜ਼ ਦੇ ਨਾਂ ਤੋਂ ਖ਼ੁਰਾਕ 'ਚ ਸ਼ਾਮਿਲ ਕੀਤਾ ਜਾਂਦਾ ਸੀ। ਚਾਰ ਮਗਜ਼ ਮਤਲਬ ਘੱਟੋ-ਘੱਟ ਚਾਰ ਕਿਸਮ ਦੇ ਬੀਜ ਮਿਲਾ ਕੇ ਖਾਓ। ਬੀਜ ਸਾਬਤ ਜਾਂ ਪੀਸ ਕੇ ਵਰਤੇ ਜਾਂਦੇ ਹਨ। ਇਹ ਵਿਟਾਮਿਨ-ਈ ਦੇ ਬਹੁਤ ਵਧੀਆ ਸਰੋਤ ਹਨ। ਤਿਲਾਂ 'ਚ ਕੈਲਸ਼ੀਅਮ ਕਾਫ਼ੀ ਮਾਤਰਾ 'ਚ ਪਾਈ ਜਾਂਦੀ ਹੈ। ਵੈਸੇ ਤਾਂ ਬੀਜ ਕੈਲਸ਼ੀਅਮ ਦੇ ਚੰਗੇ ਸਰੋਤ ਹਨ। ਓਮੈਗਾ-3 ਫੈਟ ਵੀ ਇਨ੍ਹਾਂ 'ਚ ਹੋਣ ਕਰ ਕੇ ਚੰਗੇ ਕੋਲੈਸਟ੍ਰੋਲ ਨੂੰ ਵਧਾਉਣ 'ਚ ਸਹਾਈ ਹਨ। ਅਲਸੀ ਦੇ ਬੀਜਾਂ ਨੂੰ ਚੰਗੀ ਤਰ੍ਹਾਂ ਪੀਸ ਕੇ ਤੇ ਦਹੀਂ 'ਚ ਮਿਲਾ ਕੇ ਖਾਣ ਨਾਲ ਦਿਲ ਦੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

ਮੱਛੀ ਉੱਤਮ ਪ੍ਰੋਟੀਨ

ਮੱਛੀ ਸਿਹਤ ਲਈ ਬਹੁਤ ਹੀ ਵਧੀਆ ਪ੍ਰੋਟੀਨ ਹੈ। ਇਸ 'ਚ ਵਿਟਾਮਿਨ-ਡੀ ਤੇ ਓਮੈਗਾ ਫੈਟ ਪਾਈ ਜਾਂਦੀ ਹੈ ਜੋ ਸਰੀਰ ਲਈ ਵਧੀਆ ਹੈ। ਦਿਲ ਤੇ ਦਿਮਾਗ਼ ਨੂੰ ਤੰਦਰੁਸਤ ਤੇ ਮਜ਼ਬੂਤ ਰੱਖਣ ਲਈ ਬਹੁਤ ਵਧੀਆ ਉਪਯੋਗੀ ਹੈ। ਬੱਚਿਆਂ ਦੇ ਅਸਥਮਾ ਨੂੰ ਠੀਕ ਕਰਨ 'ਚ ਮੱਛੀ ਕਾਫ਼ੀ ਸਹਾਈ ਹੈ। ਇਸ ਦੇ ਤੇਲ ਦੇ ਕੈਪਸੂਲ ਮਿਲਦੇ ਹਨ ਜੋ ਓਮੈਗਾ3 ਨਾਲ ਭਰਪੂਰ ਹੁੰਦੇ ਹਨ।

ਪ੍ਰੋਟੀਨ ਦਾ ਪਾਚਨ

ਪ੍ਰੋਟੀਨ ਦਾ ਮੁੱਖ ਪਾਚਨ ਮਿਹਦੇ 'ਚ ਤੇਜ਼ਾਬੀ ਮਾਧਿਅਮ 'ਚ ਹੁੰਦਾ ਹੈ। ਇਸ ਲਈ ਐਸੀਡਿਟੀ ਹੋਣ 'ਤੇ ਠੰਢਾ ਦੁੱਧ ਜਾਂ ਕੋਈ ਹਲਦੀ ਪ੍ਰੋਟੀਨ ਖਾਣ ਨਾਲ ਆਰਾਮ ਮਹਿਸੂਸ ਹੁੰਦਾ ਹੈ।

ਪ੍ਰੋਟੀਨ ਦੀ ਘਾਟ

ਪ੍ਰੋਟੀਨ ਦੀ ਜ਼ਿਆਦਾ ਘਾਟ ਨਾਲ ਖ਼ੂਨ ਅੰਦਰ ਥੱਕੇ ਬਣਨ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋ ਇਲਾਵਾ ਪਾਣੀ ਦੀ ਘਾਟ ਨਾਲ ਡੀਹਾਈਡ੍ਰੇਸ਼ਨ ਹੋ ਸਕਦੀ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਕਈ ਬੱਚੇ ਬਹੁਤ ਹੀ ਕਮਜ਼ੋਰ ਹੁੰਦੇ ਹਨ। ਬੱਚਿਆਂ 'ਚ ਇਨ੍ਹਾਂ ਚੀਜ਼ਾਂ ਦੀ ਘਾਟ ਪਾਈ ਜਾਂਦੀ ਹੈ। ਇਸ ਕਰ ਕੇ ਪ੍ਰੋਟੀਨ ਨੂੰ ਰੋਜ਼ਾਨਾ ਭੋਜਨ 'ਚ ਸ਼ਾਮਿਲ ਕਰਨਾ ਜ਼ਰੂਰੀ ਹੈ ਪਰ ਜ਼ਰੂਰਤ ਤੋਂ ਜ਼ਿਆਦਾ ਪ੍ਰੋਟੀਨ ਵੀ ਨਾ ਖੀਓ ਇਸ ਨਾਲ ਜ਼ਿਆਦਾ ਅਮੋਨੀਆ ਬਣੇਗਾ। ਜਿਸ ਨਾਲ ਯੂਰਿਕ ਐਸਿਡ ਵਧਣ ਦੀ ਸੰਭਾਵਨਾ ਵੱਧ ਜਾਂਦੀ ਹੈ।•

ਦਿਮਾਗ਼ ਲਈ ਵਧੀਆ ਅਖਰੋਟ

ਅਖਰੋਟ ਚੰਗੀ ਪ੍ਰੋਟੀਨ ਦੇ ਨਾਲ-ਨਾਲ ਓਮੈਗਾ ਫੈਟ ਦੇ ਵਧੀਆ ਸਰੋਤ ਹਨ ਜੋ ਦਿਲ ਤੇ ਦਿਮਾਗ਼ ਦੋਵਾਂ ਨੂੰ ਮਜ਼ਬੂਤ ਕਰਦੇ ਹਨ। ਬਲੱਡ ਪ੍ਰੈਸ਼ਰ ਕੰਟਰੋਲ ਕਰਦੇ ਹਨ। ਅਖਰੋਟ ਚਮੜੀ ਤੇ ਵਾਲ਼ਾਂ ਨੂੰ ਤਾਜ਼ਗੀ ਦਿੰਦੇ ਹਨ। ਇਹ ਐਂਟੀਆਕਸੀਡੈਂਟ ਵੀ ਹੈ ਤੇ ਰੇਡੀਆਂ ਦਾ ਸਰੋਤ ਵੀ ਹੈ। ਇਸ ਨਾਲ ਬ੍ਰੈਸਟ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

ਬਾਂਝਪਣ ਦੇ ਕਾਰਨ ਤੇ ਇਲਾਜ

ਡਾ. ਤਰਨੀਤ ਕੌਰ ਆਨੰਦ

ਬਾਂਝਪਣ ਭਾਵ ਸੰਤਾਨ ਦਾ ਨਾ ਹੋਣਾ। ਦੁਨਿਆਵੀ ਜੀਵਨ ਜਿਉਂਦਿਆਂ ਹਰ ਇਕ ਔਰਤ ਦੀ ਇਹ ਇੱਛਾ ਹੁੰਦੀ ਹੈ ਕਿ ਸਮਾਂ ਪੈਣ 'ਤੇ ਉਹ ਮਾਂ ਬਣਨ ਦਾ ਆਨੰਦ ਮਾਣੇ। ਮਾਂ-ਬਾਪ ਬਣਨ ਦੀ ਇਹ ਇੱਛਾ ਕਈ ਵਾਰ ਇੱਛਾ ਹੀ ਰਹਿ ਜਾਂਦੀ ਹੈ। ਸੰਤਾਨ ਦੇ ਸੁੱਖ ਤੋਂ ਵਾਂਝੇ ਰਹਿਣ ਦਾ ਦੁੱਖ ਸ਼ਾਇਦ ਹੀ ਕੋਈ ਮਹਿਸੂਸ ਕਰ ਸਕਦਾ ਹੈ। ਅਕਾਲ ਪੁਰਖ ਦੇ ਬਣਾਏ ਇਸ ਜੀਵਨ ਰੂਪੀ-ਚੱਕਰ ਨੂੰ ਜਿਉਂਦਿਆਂ ਜਦੋਂ ਇਹ ਸੁਪਨਾ ਹਕੀਕਤ ਦਾ ਰੂਪ ਲੈਂਦਾ ਹੈ, ਉਸ ਸਮੇਂ ਹਰ ਇਕ ਜੀਵ ਮੁੜ ਪ੍ਰਫੁੱਲਿਤ ਹੋਇਆ ਜਾਪਦਾ ਹੈ। ਸੋ ਇਸ ਬਾਂਝਪਣ ਦਾ ਇਲਾਜ ਹੋਣਾ ਬਹੁਤ ਹੀ ਜ਼ਰੂਰੀ ਹੈ।

ਕਾਰਨ

- **ਬੀਜਕੋਸ਼ਾਂ ਦਾ ਸਹੀ ਸਮੇਂ ਨਾ ਬਣਨਾ**
- **ਹਾਰਮੋਨਜ਼ ਦੀ ਗੜਬੜੀ**
- **ਖਾਣ-ਪੀਣ ਤੇ ਰਹਿਣ-ਸਹਿਣ ਦਾ ਪ੍ਰਭਾਵ**
- **ਮਾਨਸਿਕ ਤਣਾਅ**
- **ਸ਼ੂਗਰ, ਥਾਇਰਾਈਡ ਦੀ ਬਿਮਾਰੀ**

ਇਲਾਜ

ਬਾਂਝਪਣ ਦੇ ਇਲਾਜ ਲਈ ਸਭ ਤੋਂ ਪਹਿਲਾਂ ਇਸ ਦੇ ਸਹੀ ਕਾਰਨ ਦਾ ਪਤਾ ਲੱਗਣਾ ਬਹੁਤ ਹੀ ਜ਼ਰੂਰੀ ਹੈ। ਬਾਂਝਪਣ ਦਾ ਕਾਰਨ ਔਰਤ ਜਾਂ ਮਰਦ ਵਿਚ ਹੈ। ਅੱਜਕੱਲ੍ਹ ਬਾਂਝਪਣ ਵਧਣ ਦੇ ਪ੍ਰਮੁੱਖ ਕਾਰਨ ਸਾਡੀ ਜੀਵਨ ਸ਼ੈਲੀ ਹੈ। ਅਸੰਤੁਲਿਤ ਭੋਜਨ, ਰੋਜ਼ਾਨਾ ਭੱਜ-ਦੌੜ ਦੀ ਜ਼ਿੰਦਗੀ ਸਾਨੂੰ ਇਸ ਵੱਲ ਧਕੇਲ ਰਹੀ ਹੈ। ਅੱਜ ਦਾ ਵਧਦਾ ਮਾਨਸਿਕ ਤਣਾਓ ਤੇ ਆਧੁਨਿਕ ਰੁਜ਼ਿਟ ਵੀ ਇਸ ਨੂੰ ਵਧਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਬਾਂਝਪਣ ਦੇ ਇਲਾਜ ਨਾਲ ਧੀਰਜ ਤੇ ਵਿਸ਼ਵਾਸ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਇਲਾਜ ਨੂੰ ਕਈ ਵਾਰ ਸਾਲ ਲੱਗ ਜਾਂਦੇ ਹਨ। ਜਿਸ ਕਰਕੇ ਇਲਾਜ ਵਿਚ ਰੁਕਾਵਟਾਂ ਪੈਦਾ ਹੋ ਜਾਂਦੀਆਂ ਹਨ। ਕਹਿੰਦੇ ਨੇ ਇਕ ਡੁੱਬਦੇ ਨੂੰ ਤਿਨਕੇ ਦਾ ਸਹਾਰਾ ਕੁੱਝ ਇਸ ਤਰ੍ਹਾਂ ਦਾ ਅਹਿਸਾਸ ਹੀ ਬਾਂਝਪਣ ਦੇ ਮਰੀਜ਼ਾਂ ਵਿਚ ਵੇਖਣ ਨੂੰ ਮਿਲਦਾ ਹੈ।

98141-04434



ਲਸਣ ਸਿਹਤ ਲਈ ਲਾਭਕਾਰੀ

ਨਿਰਮਲ ਸਿੰਘ ਕਾਹਲੋਂ

ਲਸਣ ਇਕ ਸਬਜ਼ੀ ਵੀ ਹੈ ਅਤੇ ਔਸ਼ਦੀ ਵੀ। ਦਾਲ-ਸਬਜ਼ੀ ਨੂੰ ਤੜਕਾ ਲਗਾਉਣ ਲਈ ਲਸਣ ਵਰਤਿਆ ਜਾਂਦਾ ਹੈ। ਲਸਣ ਦੀ ਕੁੜੱਤਣ ਅਤੇ ਗੰਧ ਬੜੀ ਤੇਜ਼ ਹੈ ਪਰ ਤੜਕਾ ਲਾਉਣ ਨਾਲ ਲਸਣ ਦੀ ਕੁੜੱਤਣ ਅਤੇ ਗੰਧ ਖ਼ਤਮ ਹੋ ਕੇ ਦਾਲ-ਸਬਜ਼ੀ ਸਵਾਦ ਬਣ ਜਾਂਦੀ ਹੈ। ਰੋਮਨ ਸਾਹਿਤ ਵਿਚ ਲਸਣ ਨੂੰ 60 ਰੋਗਾਂ ਦੀ ਔਸ਼ਦੀ ਮੰਨਿਆ ਹੈ। ਹਰ ਰੋਜ਼ ਕੱਚਾ ਲਸਣ ਸੇਵਨ ਕਰਨ ਨਾਲ ਸਰੀਰ ਦੇ ਕਈ ਰੋਗ ਕੱਟੇ ਜਾਂਦੇ ਹਨ। ਤੇਜ਼ ਗੰਧ ਅਤੇ ਕੁੜੱਤਣ ਕਾਰਨ ਕੱਚਾ ਲਸਣ ਸੇਵਨ ਕਰਨਾ ਬੜਾ ਹੀ ਕਠਿਨ ਹੈ। ਲਸਣ ਨੂੰ ਭੁੰਨਣ ਨਾਲ ਇਸ ਦੇ ਔਸ਼ਧਿਕ ਗੁਣ ਖ਼ਤਮ ਹੋ ਜਾਂਦੇ ਹਨ ਅਤੇ ਰੋਗ ਠੀਕ ਨਹੀਂ ਹੁੰਦੇ। ਬਿਨਾਂ ਗਰਮ ਕੀਤੇ ਜੈਮ ਬਣਾ ਕੇ ਕੱਚਾ ਲਸਣ ਆਸਾਨੀ ਨਾਲ ਸੇਵਨ ਕੀਤਾ ਜਾ ਸਕਦਾ ਹੈ। ਲਸਣ ਦਾ ਜੈਮ ਬਣਾਉਣ ਦੀ ਵਿਧੀ-

ਲਸਣ ਦਾ ਜੈਮ

ਲਸਣ 250 ਗ੍ਰਾਮ, ਸ਼ਹਿਦ ਜਾਂ ਖੰਡ 250 ਗ੍ਰਾਮ ਲਸਣ ਨੂੰ ਬਾਰੀਕ ਘੋਟ ਕੇ ਸ਼ਹਿਦ ਵਿਚ ਮਿਲਾ ਲਓ ਤੇ ਖੰਡ ਦੀ 3 ਤਾਰਾ (ਪਤਲੀ) ਚਾਸ਼ਨੀ ਬਣਾ ਕੇ, ਠੰਢੀ ਕਰਕੇ ਲਸਣ ਘੋਟ ਕੇ ਆਪੋ ਵਿਚ ਮਿਲਾ ਲਵੋ। ਲਸਣ ਦੇ ਜ

ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਪਿੰਡਾਂ ਵਿੱਚ ਚੱਲਣਗੀਆ ਪੀ. ਆਰ. ਟੀ. ਸੀ ਜੂਨੀਅਰ ਬੱਸਾਂ : ਹਰਪਾਲ ਜੁਨੇਜਾ

ਸਮਾਣਾ ਹਲਕੇ ਦੇ ਵੱਖ-ਵੱਖ ਬੰਦ ਪਏ ਬੱਸ ਰੂਟਾਂ ਨੂੰ ਮੁੜ ਚਲਾਉਂਣ ਸਬੰਧੀ ਸਾਬਕਾ ਮੰਤਰੀ ਰੱਖੜਾ ਨਾਲ ਚਰਚਾ



ਪਟਿਆਲਾ, 19 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੀ. ਆਰ. ਟੀ. ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਦਿੱਤੇ ਗਏ ਨਿੱਘੇ ਸੱਦੇ 'ਤੇ ਅੱਜ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਹਲਕਾ ਇੰਚਾਰਜ ਸਮਾਣਾ ਪੀ.ਆਰ.ਟੀ.ਸੀ. ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪਹੁੰਚੇ। ਇਸ ਮੌਕੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਦੋਵਾਂ ਆਗੂਆਂ ਦਰਮਿਆਨ ਸਮਾਣਾ ਹਲਕੇ ਦੇ ਵੱਖ-ਵੱਖ ਬੰਦ ਪਏ ਬੱਸ ਰੂਟਾਂ ਨੂੰ ਮੁੜ ਚਲਾਉਂਣ ਅਤੇ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਚੇਅਰਮੈਨ ਨੇ ਦੱਸਿਆ ਕਿ ਪੀ.ਆਰ.ਟੀ.ਸੀ ਦੇ ਬੇੜੇ ਵਿੱਚ 100 ਨਵੀਆਂ ਜੂਨੀਅਰ ਬੱਸਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਬੱਸਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੇ ਦਿਨੀ ਝੰਡੀ ਦੇ ਕੇ ਰਵਾਨਾ ਕੀਤਾ ਹੈ। ਚੇਅਰਮੈਨ ਨੇ ਭਰੋਸਾ ਦਿਵਾਇਆ ਕਿ ਇਨ੍ਹਾਂ ਪੀ.ਆਰ.ਟੀ.ਸੀ. ਦੀਆਂ ਨਵੀਆਂ ਜੂਨੀਅਰ ਬੱਸਾਂ ਵਿੱਚੋਂ ਸਮਾਣਾ ਹਲਕੇ ਲਈ ਵੀ ਲੋੜ ਅਨੁਸਾਰ ਬੱਸਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਲੋਕਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ @ਤੇ ਪੂਰਾ ਕਰਨ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੀ.ਆਰ.ਟੀ.ਸੀ. ਦਾ ਮੁੱਖ ਉਦੇਸ਼ ਯਾਤਰੀਆਂ ਨੂੰ ਸੁਚਾਰੂ, ਸੁਰੱਖਿਅਤ ਅਤੇ ਬਿਹਤਰ ਆਵਾਜਾਈ ਸਹੂਲਤਾਂ ਪ੍ਰਦਾਨ ਕਰਨਾ ਹੈ, ਤਾਂ ਜੋ ਕਿਸੇ ਵੀ ਇਲਾਕੇ ਦੇ ਲੋਕਾਂ ਨੂੰ ਬੱਸ ਸੇਵਾ ਦੀ ਘਾਟ ਕਾਰਨ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸੁਰਜੀਤ ਸਿੰਘ ਰੱਖੜਾ ਨੇ ਹਲਕਾ ਸਮਾਣਾ ਤੋਂ ਵੱਖ-2 ਰੂਟਾਂ ਤੇ ਬੱਸਾਂ ਮੁਹੱਈਆ ਕਰਵਾਉਂਣ ਦਾ ਭਰੋਸਾ ਦੇਣ ਲਈ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਦਾ ਧੰਨਵਾਦ ਕੀਤਾ।

ਹਰਪ੍ਰੀਤ ਸਿੰਘ ਪੰਜੋਲੀ ਦਲਿਤ ਵਿਕਾਸ ਬੋਰਡ ਦੇ ਚੇਅਰਮੈਨ ਬਣੇ



ਸ੍ਰੀ ਫਤਹਿਗੜ੍ਹ ਸਾਹਿਬ,19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਪੰਜੋਲੀ ਦੇ ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਐਸਸੀ ਵਿੰਗ ਦੇ ਜ਼ਿਲ੍ਹ ?ਾ ਪ੍ਰਧਾਨ ਹਰਪ੍ਰੀਤ ਸਿੰਘ ਪੰਜੋਲੀ ਨੂੰ ਪੰਜਾਬ ਸਰਕਾਰ ਵੱਲੋਂ ਦਲਿਤ ਵਿਕਾਸ ਬੋਰਡ ਦਾ ਜਿਲਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਹਰਪ੍ਰੀਤ ਸਿੰਘ ਪੰਜੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵੱਲੋਂ ਉਹਨਾਂ ਨੂੰ ਜਿਹੜੀ ਜਿੰਮੇਵਾਰੀ ਸੌਂਪੀ ਗਈ ਹੈ ਉਹ ਇਸ ਨੂੰ ਤਨਦੇਹੀ ਅਤੇ ਇਮਾਨਦਾਰੀ ਦੇ ਨਾਲ ਨਿਭਾਉਣਗੇ। ਉਹਨਾਂ ਦੱਸਿਆ ਕਿ ਉਹ ਪਿਛਲੇ ਇੱਕ ਅਰਸੇ ਤੋਂ ਆਮ ਆਦਮੀ ਪਾਰਟੀ ਦੇ ਨਾਲ ਜੁੜੇ ਹੋਏ ਹਨ।

ਉਹ ਜਿੱਥੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਦੇ ਲਈ ਕੰਮ ਕਰ ਰਹੇ ਹਨ, ਉਥੇ ਹੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਿੱਚ ਵਿਕਾਸ ਕਾਰਜਾਂ ਦੀ ਲਿਆਈ ਜਾ ਰਹੀ ਹਨੇਰੀ ਦੇ ਵਿੱਚ ਵੀ ਯੋਗਦਾਨ ਪਾ ਰਹੇ ਹਨ।

ਕਾਂਗਰਸ ਅਤੇ ਆਪ ਪਾਰਟੀ ਪੰਜਾਬ ਵਿੱਚ ਸਤਾ ਦੇ ਸੁਪਨੇ ਲੈਣੇ ਬੰਦ ਕਰੇ: ਲੰਗ



ਪਟਿਆਲਾ, 19 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

:ਸੂਬੇ ਅੰਦਰ ਕਾਂਗਰਸ ਪਾਰਟੀ ਅਤੇ ਆਪ ਹੁਣ ਸਤਾ ਦੇ ਸੁਪਨੇ ਲੈਣੇ ਬੰਦ ਕਰ ਦੇਵੇ ਕਿਉਂਕਿ ਪੰਜਾਬ ਦੇ ਲੋਕਾਂ ਨੇ ਇਹਨਾਂ ਦੋਵੇਂ ਪਾਰਟੀਆਂ ਨੂੰ ਬੁਰੀ ਤਰ੍ਹਾਂ ਨਕਾਰਨ ਦਾ ਮਨ ਬਣਾ ਲਿਆ ਹੈ ਅਤੇ ਹੁਣ ਭਵਿੱਖ ਵਿੱਚ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਤੈਅ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਵੀ ਪੰਜਾਬ ਦੀ ਵਾਗਡੋਰ ਸੰਭਾਲੀ ਹੈ ਉਦੋਂ ਹੀ ਪੰਜਾਬ ਦੇ ਲੋਕਾਂ ਦੇ ਕੰਮਾਂ ਨੂੰ ਪਹਿਲ ਦਿੱਤੀ ਹੈ ਅਤੇ ਇਹਨਾਂ ਦੋਵੇਂ ਪਾਰਟੀਆਂ ਨੇ ਪੰਜਾਬ ਦੇ ਵਿਕਾਸ ਕਾਰਜਾਂ ਨੂੰ ਨਕਾਰ ਕੇ ਆਪਣੇ ਸਾਥੀਆਂ ਨੂੰ ਖੁਸ਼ ਕਰਨ ਤੋਂ ਇਲਾਵਾ ਕੋਈ ਕਾਰਜ ਨਹੀਂ ਕੀਤਾ ਜਿਸ ਤੋਂ ਪੰਜਾਬ ਦੇ ਲੋਕ ਬੇਹਦ ਦੁਖੀ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਦੇ ਜਿਲਾ ਦਿਹਾਤੀ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਹੁਣ ਨਿਤ ਦਿਨ ਵੱਖ-ਵੱਖ ਪਾਰਟੀਆਂ ਦੇ ਦਿਗਜ ਆਗੂ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼ਾਮਿਲ ਹੋ ਰਹੇ ਹਨ ਜਿਸ ਨਾਲ ਭਵਿੱਖ ਵਿੱਚ ਪਾਰਟੀ ਨੂੰ ਹੋਰ ਬਲ ਮਿਲੇਗਾ ਅਤੇ 2027 ਦੀ ਵਿਧਾਨ ਸਭਾ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਹੁਣ ਜਾਂ ਫਿਰ ਜੇ ਤਾਂ ਸਰ ਕਰਕੇ ਮੁੜ ਤੋਂ ਪੰਜਾਬ ਅੰਦਰ ਸਰਕਾਰ ਬਣਾਵੇਗਾ।

ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਸੂਬੇ ਦਾ ਚੌਪੱਖੀ ਵਿਕਾਸ ਹੋਇਆ ਹੈ ਅਤੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਕੇ ਬੇਰੋਜਗਾਰੀ ਦਾ ਖਾਤਮਾ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਹੈ ਉਹਨਾਂ ਕਿਹਾ ਕਿ ਕਾਂਗਰਸ ਅਤੇ ਆਪ ਨੇ ਪੰਜਾਬ ਨੂੰ ਦੋਵੇਂ ਹੱਥੀ ਲੁੱਟਿਆ ਹੈ ਅਤੇ ਆਪਣੇ ਲਈ ਇਨਸਾਫ ਲੈਣ ਵਾਲੇ ਨੂੰ ਧਰਨਿਆਂ ਵਿੱਚ ਕੁੱਟਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਲੰਗ ਨੇ ਕਿਹਾ ਕਿ ਆ ਅੰਦਰ ਹੁਣ ਦਿਨ ਦਿਹਾੜੇ ਸ਼ਰੇਆਮ ਕਤਲੋਗਾਰਤ ਦੀ ਵਾਰਦਾਤਾਂ ਵਾਪਰ ਰਹੀਆਂ ਤਾਂ ਹੀ ਪੰਜਾਬ ਦੀ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਲੜਖੜਾਈ ਹੋਈ ਹੈ ਹੁਣ ਪੰਜਾਬ ਦੇ ਲੋਕ ਦਿਨ ਵੇਲੇ ਵੀ ਘਰਾਂ ਵਿੱਚੋਂ ਨਿਕਲਣ ਦਾ ਖੌਫ ਮਹਿਸੂਸ ਕਰਦੇ ਹਨ ਕਿਉਂਕਿ ਵੱਡੀਆਂ ਵਾਰਦਾਤਾਂ ਦਿਨ ਵੇਲੇ ਹੀ ਵਾਪਰ ਰਹੀਆਂ ਹਨ ਅਤੇ ਸ਼ਰੇਆਮ ਔਰਤਾਂ ਦੇ ਗਲਾ ਵਿੱਚੋਂ ਚੇਨੀਆ ਖੋਹ ਕੇ ਚੋਰ ਫਰਾਰ ਹੋ ਜਾਂਦੇ ਹਨ ਅਤੇ ਪੁਲਿਸ ਮੂਕ ਦਰਸ਼ਕ ਬਣ ਕੇ ਖੜੀ ਹੈ ਜਿਸਦਾ ਲੁੱਟਾ ਖੋਹਾ ਅਤੇ ਕਤਲ ਦੀ ਵਾਰਦਾਤਾਂ ਕਰਨ ਵਾਲਿਆਂ ਤੇ ਕੋਈ ਕੰਟਰੋਲ ਨਹੀਂ ਰਿਹਾ ਤਾਂ ਹੀ ਪੰਜਾਬ ਦੇ ਲੋਕ ਘਰਾਂ ਵਿੱਚ ਸਹਿਮੇ ਬੈਠੇ ਹਨ।

ਮਿਸ਼ਨ 2027 ਫਤਿਹ ਰੈਲੀ ਦੀਆਂ ਤਿਆਰੀਆਂ ਸਬੰਧੀ ਸਤਪਾਲ ਪੂਨੀਆ ਨੇ ਸਾਥੀਆਂ ਨਾਲ ਕੀਤੀ ਅਹਿਮ ਮੀਟਿੰਗ



ਦੇਵੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਿਸ਼ਨ 2027 ਫਤਿਹ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਸਤਪਾਲ ਪੂਨੀਆ, ਹਲਕਾ ਇੰਚਾਰਜ ਸਨੌਰ ਵੱਲੋਂ ਆਪਣੇ ਸਾਥੀਆਂ ਅਤੇ ਵਰਕਰਾਂ ਨਾਲ ਅਹਿਮ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਦੌਰਾਨ ਰੈਲੀ ਨੂੰ ਸਫ਼ਲ ਬਣਾਉਣ ਲਈ ਤਿਆਰੀਆਂ, ਪ੍ਰਬੰਧਾਂ ਅਤੇ ਵਰਕਰਾਂ ਦੀਆਂ ਜ਼ਿੰਮੇਵਾਰੀਆਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਸਤਪਾਲ ਪੂਨੀਆ ਨੇ ਕਿਹਾ ਕਿ ਮਿਸ਼ਨ 2027 ਫਤਿਹ ਰੈਲੀ ਨੂੰ ਲੈ ਕੇ ਸਾਥੀਆਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਾਂਝੇ ਯਤਨਾਂ, ਮਿਹਨਤ ਅਤੇ ਸਹਿਯੋਗ ਨਾਲ ਰੈਲੀ ਨੂੰ ਯਾਦਗਾਰ ਅਤੇ ਸਫ਼ਲ ਬਣਾਉਣ ਲਈ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਆਪਣੇ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਤਨਦੇਹੀ ਅਤੇ ਇਕਜੁੱਟਤਾ ਨਾਲ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ।

ਮਾਮਲਾ: ਝੋਨੇ ਦੀ ਲਿਫਟਿੰਗ ਚਾਲੂ ਰੱਖਣ ਦਾ - ਪੰਜਾਬ ਸਰਕਾਰ ਗੰਨੇ ਦਾ ਭਾਅ ਤੇ ਬਕਾਇਆ ਰਾਸ਼ੀ ਤੁਰੰਤ ਕਰੇ ਜਾਰੀ : ਕਿਸਾਨ ਜਥੇਬੰਦੀ



ਪਟਿਆਲਾ, 19 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸੰਯੁਕਤ ਕਿਸਾਨ ਮੋਰਚਾ ਪਟਿਆਲਾ ਵੱਲੋਂ, ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਤਹਿਸੀਲ ਪੱਧਰ ਦਾ ਧਰਨਾ ਡੀ. ਸੀ. ਦਫ਼ਤਰ ਅੱਗੇ ਲਗਾਇਆ ਗਿਆ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਦਾ ਕੋਟਾ ਪੂਰਾ ਹੋਣ ਤੇ ਖਰੀਦ ਬੰਦ ਕਰਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਮਾਲਵੇ ਦੇ ਪਟਿਆਲਾ ਸਮੇਤ ਬਹੁਤੇ ਜ਼ਿਲ੍ਹਿਆਂ ਵਿੱਚ ਝੋਨੇ ਦੀ ਤੀਜੇ ਹਿੱਸੇ ਦੀ ਫ਼ਸਲ ਖੇਤਾਂ ਤੇ ਮੰਡੀਆਂ ਵਿੱਚ ਬਾਕਾਇਆ ਹੈ। ਇਸ ਲਈ ਝੋਨੇ ਦੀ ਖਰੀਦ ਤਰੰਤ ਸ਼ੁਰੂ ਕਰਨ ਦਾ ਫੈਸਲਾ ਲੈ ਕੇ ਕਿਸਾਨਾਂ ਨਾਲ ਇਨਸਾਫ਼ ਕੀਤਾ ਜਾਵੇ। ਤਾਂ ਕਿ ਕਿਸਾਨ ਵੱਡੇ ਆਰਥਿਕ ਨੁਕਸਾਨ ਤੋਂ ਬਚ ਸਕਣ । ਇਸ ਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚੰਡੀਗੜ ਵਿਖੇ ਸਤੰਬਰ ਮਹੀਨੇ ਦੇ ਸਪਤਾਹਿਕ ਮੋਰਚੇ ਦੌਰਾਨ ਕੀਤੇ ਲਿਖਤੀ ਵਾਅਦੇ ਅਨੁਸਾਰ ਗੰਨੇ ਦਾ ਭਾਅ ਵਧਾਉਣ ਤੇ ਸਾਰੀ ਪੇਮੈਂਟ ਇਕ ਕਾਊਂਟਰ ਰਾਹੀਂ ਦੇਣ ਦਾ ਐਲਾਨ ਕੀਤਾ ਗਿਆ ਸੀ। ਪਰ ਸ਼ਿਤਮ ਜਰੀਫੀ ਦੀ ਗੱਲ ਹੈ ਕਿ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ । ਗੰਨੇ ਦੇ ਪਿਛਲੇ ਸਾਰੇ ਬਕਾਏ ਦੀ ਅਦਾਇਗੀ ਵੀ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਗਈ । ਧਰਨੇ ਦੌਰਾਨ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਮ ਦਾ ਮੰਗ ਪੱਤਰ ਪਟਿਆਲਾ ਤਹਿਸੀਲ ਦੇ ਤਹਿਸੀਲਦਾਰ ਸ੍ਰੀ ਮਨਦੀਪ ਸਿੰਘ ਵੱਲੋਂ ਲਿਆ ਗਿਆ ਅਤੇ ਪੰਜਾਬ ਸਰਕਾਰ ਨੂੰ ਭੇਜਣ ਦਾ ਭਰੋਸਾ ਦਿਵਾਇਆ ਗਿਆ ।

ਅੱਜ ਦੇ ਸੰਕੇਤਕ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਦਵਿੰਦਰ ਸਿੰਘ ਪੂਨੀਆ, ਸੁਖਵਿੰਦਰ ਸਿੰਘ ਲਾਲੀ, ਦਰਸ਼ਨ ਸਿੰਘ ਬੇਲੂਮਾਜਰਾ, ਗਿਆਨ ਸਿੰਘ, ਭੁਪਿੰਦਰ ਸਿੰਘ ਸ਼ੰਕਰਪੁਰ , ਸੁਰਿੰਦਰ ਸਿੰਘ ਖ਼ਾਲਸਾ, ਲਸ਼ਕਰ ਸਿੰਘ , ਕੁਲਵੰਤ ਸਿੰਘ ਸਫੇੜਾ ਅਤੇ ਕਰਨੈਲ ਸਿੰਘ ਰੀਠਖੇੜੀ ਨੇ ਸੰਬੋਧਨ ਕੀਤਾ। ਇਸ ਮੌਕੇ ਧੰਨਾ ਸਿੰਘ, ਕੁਲਵਿੰਦਰ ਸਿੰਘ, ਗੁਰਵਿੰਦਰ ਸਿੰਘ ਅਤੇ ਸੁਖਦੇਵ ਸਿੰਘ ਪਨੌਦੀਆਂ ਆਦਿ ਕਿਸਾਨ ਆਗੂ ਹਾਜ਼ਰ

ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਪਰਮਿੰਦਰ ਭਲਵਾਨ ਤੇ ਜਤਵਿੰਦਰ ਗਰੇਵਾਲ ਨੂੰ ਐਸ.ਪੀ. ਇੰਨਵੈਸਟੀਗੇਸ਼ਨ ਰਾਜੇਸ਼ ਛਿੱਬਰ ਨੇ ਪ੍ਰਸ਼ੰਸਾ ਪੱਤਰ ਦੇ ਕੇ ਕੀਤਾ ਸਨਮਾਨਿਤ

ਪਟਿਆਲਾ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ÷ ਤਹਿਤ ਪਟਿਆਲਾ ਪੁਲਿਸ ਨੂੰ ਸਹਿਯੋਗ ਦੇ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਰਪ੍ਰਸਤਾਂ ਨੂੰ ਸਨਮਾਨਿਤ ਕੀਤਾ ਗਿਆ।



ਸਟੇਟ ਐਵਾਰਡੀ ਪਰਮਿੰਦਰ ਭਲਵਾਨ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕਾਉਂਸਲਿੰਗ ਸੈੱਲ ਪਟਿਆਲਾ ਪੁਲਿਸ) ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ (ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ) ਨੂੰ ਐਸ.ਪੀ. ਇੰਨਵੈਸਟੀਗੇਸ਼ਨ ਰਾਜੇਸ਼ ਛਿੱਬਰ ਵੱਲੋਂ ਆਪਣੇ ਦਫ਼ਤਰ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ 'ਚ ਪਾਏ ਵਿਸ਼ੇਸ਼ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਸੁਖਜਿੰਦਰ ਸਿੰਘ ਬਾਜਵਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਐਸ.ਪੀ. ਰਾਜੇਸ਼ ਛਿੱਬਰ ਨੇ ਕਿਹਾ ਕਿ ਅੱਜ ਪੰਜਾਬ ਦੀ ਸਭ ਤੋਂ ਵੱਡੀ ਚੁਣੌਤੀ ਨਸ਼ਾ ਹੈ, ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਹੈ। ਇਸ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਸਿਰਫ਼ ਪੁਲਿਸ ਦੀ ਕਾਰਵਾਈ ਹੀ ਕਾਫ਼ੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਪਵੇਗਾ।

ਉਨ੍ਹਾਂ ਕਿਹਾ ਕਿ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਪਿਛਲੇ ਲੰਬੇ ਸਮੇਂ ਤੋਂ ਪਟਿਆਲਾ ਜ਼ਿਲ੍ਹੇ ਦੇ ਦਰਜਨਾਂ ਸਕੂਲਾਂ, ਕਾਲਜਾਂ, ਪਿੰਡਾਂ ਅਤੇ ਕਸਬਿਆਂ 'ਚ ਜਾ ਕੇ ਸੈਮੀਨਾਰਾਂ ਅਤੇ ਰੈਲੀਆਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰ ਰਹੇ ਹਨ। ਉਨ੍ਹਾਂ ਦਾ ਸੰਦੇਸ਼ ਹੈ -ਨਸ਼ਾ ਤਿਆਗੋ, ਖੇਡਾਂ ਨਾਲ ਨਾਤਾ ਜੋੜੋ।

ਸਨਮਾਨ ਹਾਸਲ ਕਰਨ ਤੋਂ ਬਾਅਦ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਪੰਜਾਬ ਪੁਲਿਸ ਅਤੇ ਐਸ.ਪੀ. ਰਾਜੇਸ਼ ਛਿੱਬਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪ੍ਰਸ਼ੰਸਾ ਪੱਤਰ ਉਨ੍ਹਾਂ ਲਈ ਸਨਮਾਨ ਹੀ ਨਹੀਂ, ਸਗੋਂ ਵੱਡੀ ਜ਼ਿੰਮੇਵਾਰੀ ਹੈ।

ਉਨ੍ਹਾਂ ਪ੍ਰਣ ਲਿਆ ਕਿ ਜਦੋਂ ਤੱਕ ਸਰੀਰ 'ਚ ਜਾਨ ਹੈ, ਨਸ਼ਿਆਂ ਵਿਰੁੱਧ ਜੰਗ ਜਾਰੀ ਰੱਖਣਗੇ ਅਤੇ ਹਰ ਪਿੰਡ, ਹਰ ਸ਼ਹਿਰ 'ਚ ਜਾ ਕੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਦੇ ਰਹਿਣਗੇ।

ਮਦਰ ਇੰਡੀਆ ਸਕੂਲ ਪਾਤੜਾਂ

ਲੱਖੋਵਾਲ ਵੱਲੋਂ ਅਕਾਲੀ ਦਲ ਨੂੰ ਪੂਰਨ ਸਮਰਥਨ ਦਾ ਐਲਾਨ

ਚੰਡੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



'ਭਾਰਤੀ ਕਿਸਾਨ ਯੂਨੀਅਨ ਪੰਜਾਬ (ਲੱਖੋਵਾਲ)' ਨੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਉੱਘੇ ਕਿਸਾਨ ਆਗੂ ਅਜਮੇਰ ਸਿੰਘ ਲੱਖੋਵਾਲ ਅਤੇ ਹਰਿਦਰ ਸਿੰਘ ਲੱਖੋਵਾਲ ਦੀ ਅਗਵਾਈ ਹੇਠ ਸਮੂਹ ਜਥੇਬੰਦੀ ਵੱਲੋਂ ਲਏ ਗਏ ਇਸ ਫੈਸਲੇ ਨੂੰ 2027 ਦੀਆਂ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਸਾਨ ਆਗੂਆਂ ਦਾ ਨਿੱਘਾ ਸਵਾਗਤ ਕਰਦਿਆਂ ਇਸ ਸਮਰਥਨ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੁਖਬੀਰ ਸਿੰਘ ਬਾਦਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੂਰਨ ਅਤੇ ਬਿਨਾਂ ਸ਼ਰਤ ਸਮਰਥਨ ਦੇਣ ਲਈ ਉਹ ਅਜਮੇਰ ਸਿੰਘ ਲੱਖੋਵਾਲ, ਸਰਦਾਰ ਹਰਿਦਰ ਸਿੰਘ ਲੱਖੋਵਾਲ ਅਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ (ਲੱਖੋਵਾਲ) ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਬੇਹੱਦ ਧੰਨਵਾਦੀ ਹਨ। ਉਨ੍ਹਾਂ ਇਸ ਕਦਮ ਨੂੰ ਪਾਰਟੀ ਲਈ ਇੱਕ ਵੱਡਾ ਹੌਸਲਾ ਕਰਾਰ ਦਿੱਤਾ।

ਸੁਖਬੀਰ ਸਿੰਘ ਬਾਦਲ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਇੱਕੋ-ਇੱਕ ਅਜਿਹੀ ਖੇਤਰੀ ਪਾਰਟੀ ਹੈ, ਜੋ ਸੂਬੇ ਦੇ ਅੰਨਦਾਤਾ ਯਾਨੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਭਲਾਈ ਅਤੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਇਤਿਹਾਸ ਗਵਾਹ ਹੈ ਕਿ ਪਾਰਟੀ ਨੇ ਹਮੇਸ਼ਾ ਪੰਜਾਬ, ਪੰਜਾਬੀਅਤ ਅਤੇ ਕਿਸਾਨੀ ਦੇ ਹਿੱਤਾਂ ਦੀ ਪਹਿਰੇਦਾਰੀ ਕੀਤੀ ਹੈ।

ਇਸ ਮੁਲਾਕਾਤ ਦੌਰਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਵਫ਼ਦ ਵੱਲੋਂ ਕਿਸਾਨਾਂ ਦੀਆਂ ਭਖਦੀਆਂ ਮੰਗਾਂ ਅਤੇ ਦਰਪੇਸ਼ ਮੁਸ਼ਕਲਾਂ ਸਬੰਧੀ ਇੱਕ ਮੰਗ-ਪੱਤਰ ਵੀ ਸੁਖਬੀਰ ਸਿੰਘ ਬਾਦਲ ਨੂੰ ਸੌਂਪਿਆ ਗਿਆ। ਮੰਗ-ਪੱਤਰ ਪ੍ਰਾਪਤ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਲੱਖੋਵਾਲ ਸਾਹਿਬ ਅਤੇ ਯੂਨੀਅਨ ਦੇ ਸਮੂਹ ਮੈਂਬਰਾਂ ਨੂੰ ਪੂਰਾ ਭਰੋਸਾ ਦਿਵਾਇਆ ਕਿ 2027 ਵਿੱਚ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕਿਸਾਨ ਭਾਈਚਾਰੇ ਦੇ ਸਾਰੇ ਲਟਕਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਜਿੰਨਾ ਚਿਰ ਪੰਜਾਬ ਵਿੱਚ 'ਆਪ' ਦੀ ਸਰਕਾਰ ਰਹੇਗੀ, ਭਲਾਈ ਸਕੀਮਾਂ ਜਾਰੀ ਰਹਿਣਗੀਆਂ : ਮੁੱਖ ਮੰਤਰੀ ਭਗਵੰਤ ਸਿੰਘ ਮਾਨ

➢ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ 1,000 ਰੁਪਏ ਮਹੀਨਾਵਾਰ ਸਹਾਇਤਾ, ਸਿਹਤ ਬੀਮਾ ਅਤੇ ਮੁਫ਼ਤ ਬਿਜਲੀ ਦੇ ਲਾਭ ਜਾਰੀ ਰਹਿਣਗੇ ➢ ਆਉਣ ਵਾਲੀਆਂ ਚੋਣਾਂ ਵਿੱਚ ਲੋਕ ਉਨ੍ਹਾਂ ਨੂੰ ਜੜ੍ਹੋਂ ਪੁੱਟ ਦੇਣਗੇ, ਜਿਨ੍ਹਾਂ ਨੇ ਸਾਲਾਂ ਤੱਕ ਪੰਜਾਬ ਨੂੰ ਲੁੱਟਿਆ

ਸ਼ਾਹਕੋਟ (ਜਲੰਧਰ), 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੁਹਰਾਇਆ ਕਿ ਜਿੰਨਾ ਚਿਰ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਸੱਤਾ ਵਿੱਚ ਰਹੇਗੀ, ਓਨਾ ਸਮਾਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ 1,000 ਰੁਪਏ ਮਹੀਨਾਵਾਰ ਵਿੱਤੀ ਸਹਾਇਤਾ, 10 ਲੱਖ ਰੁਪਏ ਦਾ ਸਿਹਤ ਬੀਮਾ ਅਤੇ ਮੁਫ਼ਤ ਬਿਜਲੀ ਸਮੇਤ ਸਾਰੀਆਂ ਲੋਕ ਭਲਾਈ ਗਾਰੰਟੀਆਂ ਜਾਰੀ ਰਹਿਣਗੀਆਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੋਕ ਭਲਾਈ ਤੇ ਵਿਕਾਸ ਉਨ੍ਹਾਂ ਦੀ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ।

ਜਲੰਧਰ ਦੇ ਪਿੰਡ ਦੋਨੇਵਾਲ ਵਿਖੇ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਨੂੰ ਪੰਜਾਬ ਵਿੱਚ ਉਨ੍ਹਾਂ ਦੇ ਕਾਰਜਕਾਲ ਨੂੰ ਲੈ ਕੇ ਚੁਣੌਤੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਪਾਰਟੀਆਂ ਨੇ ਦਹਾਕਿਆਂ ਤੱਕ ਸੂਬੇ 'ਤੇ ਰਾਜ ਕੀਤਾ ਅਤੇ ਜਿਨ੍ਹਾਂ ਦੇ ਰਾਜ ਵਿੱਚ ਨਸ਼ਿਆਂ ਦਾ ਕਾਰੋਬਾਰ ਫੈਲਿਆ, ਉਹੀ ਪਾਰਟੀਆਂ ਹੁਣ ਬਦਲਾਅ ਦੇ ਵਾਅਦੇ ਕਰ ਰਹੀਆਂ ਹਨ। ਪਾਰਦਰਸ਼ੀ ਸਰਕਾਰੀ ਭਰਤੀ, ਭਲਾਈ ਪਹਿਲਕਦਮੀਆਂ ਅਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਤਰੱਕੀ ਦੇ ਰਾਹ 'ਤੇ ਤੁਰ ਪਿਆ ਹੈ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਸ ਰਫ਼ਤਾਰ ਨੂੰ ਆਪਸ ਵਿੱਚ ਰਲ-ਮਿਲ ਕੇ ਤੇਜ਼ ਕਰਨ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਸਾਲਾਂ ਤੱਕ ਸੂਬੇ ਦੀ ਲੁੱਟ ਕੀਤੀ ਹੈ, ਉਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਲੋਕਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ।

'ਲੋਕ ਮਿਲਣੀ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਨ੍ਹਾਂ ਪਾਰਟੀਆਂ ਨੇ ਆਪਣੇ ਰਾਜ ਦੌਰਾਨ ਸੂਬੇ ਅਤੇ ਇਸ ਦੇ ਵਸੀਲਿਆਂ ਨੂੰ ਅੰਗਰੇਜ਼ਾਂ ਨਾਲੋਂ ਵੀ ਵੱਧ ਬੇਰਹਿਮੀ ਨਾਲ ਲੁੱਟਿਆ ਹੈ। ਇਹ ਆਪਣੇ ਪਾਪਾਂ ਲਈ ਕਿਸੇ ਰਹਿਮ ਦੇ ਹੱਕਦਾਰ ਨਹੀਂ ਹਨ ਕਿਉਂਕਿ ਇਨ੍ਹਾਂ ਨੇ ਸੂਬੇ ਅਤੇ ਇਸ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ, ਜੋ ਕਿ ਨਾ-ਮੁਆਫ਼ੀਯੋਗ ਅਪਰਾਧ ਹੈ। ਅਕਾਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਪਾਪ ਕੀਤਾ ਸੀ ਅਤੇ ਬਦਕਿਸਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਤੋਂ ਵੱਧ ਕੁਝ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ, ਹਰ ਕੋਈ ਜਾਣਦਾ ਹੈ ਕਿ ਅਕਾਲੀਆਂ ਦਾ ਇੱਕ ਪਰਿਵਾਰ ਅੰਗਰੇਜ਼ਾਂ ਦਾ ਪਿੱਠੂ ਸੀ ਅਤੇ ਦੇਸ਼ ਲਈ ਲੜਨ ਵਾਲੇ ਦੇਸ਼ ਭਗਤਾਂ ਵਿਰੁੱਧ ਅੰਗਰੇਜ਼ਾਂ ਨਾਲ ਸਾਂਝ-ਭਿਆਲੀ ਪਾਉਣ ਬਦਲੇ ਉਨ੍ਹਾਂ ਨੂੰ 'ਸਰ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਸੀ। ਇਸ ਪਰਿਵਾਰ ਨੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੇ ਮੁੱਖ ਦੋਸ਼ੀ ਜਨਰਲ ਡਾਇਰ ਨੂੰ ਇਸ ਘਿਨਾਉਣੇ ਕਾਂਡ ਤੋਂ ਬਾਅਦ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਕੇ ਸਨਮਾਨਿਤ ਕੀਤਾ ਸੀ। ਇਸ ਕਾਰਵਾਈ ਨੇ ਉਨ੍ਹਾਂ ਦੀ ਦੇਸ਼ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਅਤੇ ਕਿਰਦਾਰ ਨੂੰ ਬੇਨਕਾਬ ਕਰ ਦਿੱਤਾ ਸੀ। ਇਸ ਪਰਿਵਾਰ ਨੇ ਉਨ੍ਹਾਂ ਲੱਖਾਂ ਆਜ਼ਾਦੀ ਘੁਲਾਟੀਆਂ ਨਾਲ ਗੱਦਾਰੀ ਕੀਤੀ ਸੀ, ਜੋ ਅੰਗਰੇਜ਼ਾਂ ਵਿਰੁੱਧ ਡਟੇ ਹੋਏ ਸਨ।

ਉਨ੍ਹਾਂ ਨੇ ਨਿਸ਼ਾਨਾ ਸਾਧਦਿਆਂ ਕਿਹਾ, ਇੰਨਾ ਹੀ ਨਹੀਂ, ਇਸ ਪਰਿਵਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਜਨਰਲ ਡਾਇਰ ਨੂੰ ਸਿਰੋਪਾਓ ਅਤੇ ਮੁਆਫ਼ੀ ਦਿੱਤੀ ਜਾਵੇ। ਦੂਜੇ ਪਾਸੇ ਉਹ ਪਾਰਟੀ ਹੈ ਜਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕ ਚਾੜ੍ਹੇ ਸਨ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਬੇਗੁਨਾਹ ਸਿੱਖਾਂ ਦਾ ਕਤਲੇਆਮ ਕੀਤਾ ਸੀ। ਵਿਰੋਧੀ ਪਾਰਟੀਆਂ ਸੂਬਾ ਸਰਕਾਰ ਵੱਲੋਂ ਆਮ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਸਾੜਾ ਕਰਦੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਵਿਰੋਧੀ ਧਿਰ ਦੇ ਆਗੂ ਆਪਸ ਵਿੱਚ ਮਿਲੇ ਹੋਏ ਹਨ ਅਤੇ ਸੱਤਾ ਵਿੱਚ ਰਹਿੰਦਿਆਂ ਇੱਕ-ਦੂਜੇ ਦੇ ਹਿੱਤਾਂ ਦੀ ਰਾਖੀ ਲਈ 'ਉੱਤਰ ਕਾਟੋ, ਮੈਂ ਚੜ੍ਹਾਂ' ਵਾਂਗ ਵਾਰੋ-ਵਾਰੀ ਸੱਤਾ ਭੋਗਣ ਦੀ ਖੇਡ ਖੇਡਦੇ ਹਨ। 'ਆਪ' ਸਰਕਾਰ ਨੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਕੇ ਉਨ੍ਹਾਂ ਦੀ ਸਾਰੀ ਖੇਡ ਵਿਗਾੜ ਦਿੱਤੀ ਹੈ ਅਤੇ ਆਮ ਆਦਮੀ ਦੀਆਂ ਉਮੀਦਾਂ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ, ਅਕਾਲੀਆਂ 'ਤੇ ਪੀੜ੍ਹੀਆਂ ਦੀ ਨਸਲਕੁਸ਼ੀ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਵੱਲੋਂ ਨਸ਼ੇ ਦੇ ਵਪਾਰ ਨੂੰ ਸਰਪ੍ਰਸਤੀ ਦਿੱਤੀ ਗਈ ਅਤੇ ਉਨ੍ਹਾਂ ਦੇ ਲੰਬੇ ਕੁਸ਼ਾਸਨ ਦੌਰਾਨ ਇਹ ਵਪਾਰ ਖੂਬ ਵਧਿਆ-ਫੁੱਲਿਆ। ਇਨ੍ਹਾਂ ਆਗੂਆਂ ਦੇ ਹੱਥ ਉਨ੍ਹਾਂ ਲੱਖਾਂ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਜੋ ਇਨ੍ਹਾਂ ਦੀਆਂ ਸਰਕਾਰੀ ਗੱਡੀਆਂ ਵਿੱਚ ਸੂਬੇ ਅੰਦਰ ਸਪਲਾਈ ਕੀਤੇ ਗਏ ਨਸ਼ਿਆਂ ਦਾ ਸ਼ਿਕਾਰ ਹੋਏ। ਇਨ੍ਹਾਂ ਆਗੂਆਂ ਦੇ ਪਾਪ ਨਾ-ਮੁਆਫ਼ੀਯੋਗ ਹਨ ਅਤੇ ਲੋਕ ਉਨ੍ਹਾਂ ਦੇ ਘਿਨਾਉਣੇ ਜੁਰਮਾਂ ਦੀ ਲੰਬੀ ਦਾਸਤਾਨ ਲਈ ਉਨ੍ਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਦੇ।

ਨਗਰ ਨਿਗਮ ਚੋਣਾਂ ਲਈ ਚੰਡੀਗੜ੍ਹ ਭਾਜਪਾ ਨੇ ਕੀਤਾ 'ਚੋਣ ਕਮੇਟੀ' ਦਾ ਐਲਾਨ

ਚੰਡੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ (ਭਾਜਪਾ) ਚੰਡੀਗੜ੍ਹ ਇਕਾਈ ਨੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਆਗਾਮੀ ਨਗਰ ਨਿਗਮ ਚੋਣਾਂ ਤੇ ਜਥੇਬੰਦਕ ਚੁਣੌਤੀਆਂ ਦੀਆਂ ਤਿਆਰੀਆਂ ਨੂੰ ਤੇਜ਼ ਕਰਨ ਦੇ ਮਕਸਦ ਨਾਲ ਆਪਣੀ 'ਸੂਬਾ ਚੋਣ ਕਮੇਟੀ' ਦਾ ਐਲਾਨ ਕਰ ਦਿੱਤਾ ਹੈ। 25 ਅਕਤੂਬਰ, 2026 ਨੂੰ ਹੋਈ ਸੂਬਾ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿੱਚ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਸਹਿਮਤੀ ਨਾਲ ਇਸ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ, ਸਾਬਕਾ ਸੂਬਾ ਪ੍ਰਧਾਨਾਂ, ਜਥੇਬੰਦਕ ਅਹੁਦੇਦਾਰਾਂ ਅਤੇ ਤਜਰਬੇਕਾਰ ਲੋਕ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਐਲਾਨੀ ਗਈ ਸੂਬਾ ਚੋਣ ਕਮੇਟੀ ਦੇ ਨੌਂ ਮੁੱਖ ਮੈਂਬਰਾਂ ਵਿੱਚ ਸੂਬਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ, ਸੂਬਾ ਜਨਰਲ ਸਕੱਤਰ (ਸੰਗਠਨ) ਮੰਤਰੀ ਸ੍ਰੀਨਿਵਾਸੁਲੂ, ਸਾਬਕਾ ਲੋਕ ਸਭਾ ਮੈਂਬਰ ਕਿਰਨ ਖੇਰ, ਸਾਬਕਾ ਸੂਬਾ ਪ੍ਰਧਾਨ ਸੰਜੇ ਟੰਡਨ, ਸਾਬਕਾ ਸੂਬਾ ਪ੍ਰਧਾਨ ਅਰੁਣ ਸੂਦ, ਸੂਬਾ ਜਨਰਲ ਸਕੱਤਰ ਰਾਮਵੀਰ ਭੱਟੀ, ਸੂਬਾ ਮੀਤ ਪ੍ਰਧਾਨ ਰਾਜ ਕਿਸ਼ੋਰ, ਸੂਬਾ ਮੀਤ ਪ੍ਰਧਾਨ ਭਾਰਤ ਕੁਮਾਰ ਅਤੇ ਸੂਬਾ ਕਾਰਜਕਾਰਨੀ ਮੈਂਬਰ ਤੇ ਖਾਦੀ ਬੋਰਡ ਦੇ ਚੇਅਰਮੈਨ ਦੀਦਾਰ ਸਿੰਘ ਸ਼ਾਮਲ ਹਨ।

ਇਸ ਤੋਂ ਇਲਾਵਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਸੋਨਮ ਵਰਮਾ ਨੂੰ ਕਮੇਟੀ ਵਿੱਚ 'ਐਕਸ-ਆਫੀਸ਼ੀਓ' (ਅਹੁਦੇ ਵਜੋਂ) ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਚੰਡੀਗੜ੍ਹ ਭਾਜਪਾ ਦੇ ਇੰਚਾਰਜ ਮਹਿੰਦਰ ਪਾਂਡੇ ਨੂੰ ਵਿਸ਼ੇਸ਼ ਸੱਦੇ (ਸਪੈਸ਼ਲ ਇਨਵਾਈਟੀ) ਵਜੋਂ ਨਿਯੁਕਤ ਕੀਤਾ ਗਿਆ ਹੈ। ਸੂਬਾ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ ਨੇ ਕਿਹਾ ਕਿ ਤਜਰਬੇਕਾਰ ਲੀਡਰਸ਼ਿਪ ਅਤੇ ਮਜ਼ਬੂਤ ਸੰਗਠਨਾਤਮਕ ਸਮਰੱਥਾ ਵਾਲੀ ਇਹ ਕਮੇਟੀ ਚੋਣ ਰਣਨੀਤੀਆਂ ਘੜਨ, ਜਥੇਬੰਦਕ ਤਾਲਮੇਲ ਵਧਾਉਣ ਅਤੇ ਆਉਣ ਵਾਲੀਆਂ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਹਰਿਆਣਾ ਨੂੰ ਸਵੱਛ, ਹਰਿਆ-ਭਰਿਆ ਅਤੇ ਜਲਵਾਯੂ-ਸਮਰੱਥ ਬਣਾਉਣ ਦੀ ਦਿਸ਼ਾ ਵਿੱਚ ਸਰਕਾਰ ਦਾ ਵੱਡਾ ਕਦਮ, ਗ੍ਰੀਨ ਕਲਾਈਮੇਟ ਰੈਜ਼ੀਲੀਐਂਸ ਫੰਡ ਨਾਲ ਵਾਤਾਵਰਣ ਸੁਰੱਖਿਆ ਨੂੰ ਮਿਲੇਗੀ ਨਵੀਂ ਗਤੀ

ਚੰਡੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਨੂੰ ਸਵੱਛ, ਹਰਿਆ-ਭਰਿਆ ਅਤੇ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਸਮਰੱਥ ਬਣਾਉਣ ਲਈ ਸੂਬਾ ਸਰਕਾਰ ਨੇ 100 ਕਰੋੜ ਰੁਪਏ ਦੇ ਸੀਡ ਫੰਡ ਨਾਲ ਇੱਕ ਅਭਿਲਾਸ਼ੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਚੰਡੀਗੜ੍ਹ ਵਿਖੇ ਹਰਿਆਣਾ ਗ੍ਰੀਨ ਕਲਾਈਮੇਟ ਰੈਜ਼ੀਲੀਐਂਸ ਫੰਡ ਦੇ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਇਸ ਦੇ ਉਦੇਸ਼ਾਂ ਨੂੰ ਲੈ ਕੇ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵਾਤਾਵਰਣ, ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਰਾਓ ਨਰਬੀਰ ਸਿੰਘ ਵੀ ਮੌਜੂਦ ਰਹੇ। ਇਨ੍ਹਾਂ ਤੋਂ ਇਲਾਵਾ, ਵਾਤਾਵਰਣ ਅਤੇ ਵਿਸ਼ੇਸ਼ ਤੌਰ 'ਤੇ ਗ੍ਰੀਨ ਇਕੋਨੋਮੀ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਕੰਪਨੀਆਂ ਦੇ ਨੁਮਾਇੰਦਿਆਂ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ।

ਮੀਟਿੰਗ ਵਿੱਚ ਵਾਤਾਵਰਣ ਸੁਰੱਖਿਆ, ਹਰੀ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਨ ਅਤੇ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਉਦੇਸ਼ ਨਾਲ ਵੱਖ-ਵੱਖ ਖੇਤਰਾਂ ਵਿੱਚ ਲਾਗੂ ਕੀਤੇ ਜਾਣ ਵਾਲੇ ਪ੍ਰੋਜੈਕਟਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਵਿੱਚ ਹਰੀ ਅਰਥਵਿਵਸਥਾ ਨੂੰ ਉਤਸ਼ਾਹਿਤ ਕਰਨ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਵੱਛ ਅਤੇ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸੇ ਉਦੇਸ਼ ਨਾਲ ਵਿੱਤੀ ਸਾਲ 2026-27 ਦੇ ਬਜਟ ਵਿੱਚ ਹਰਿਆਣਾ ਨੂੰ ਸਾਲ 2070 ਤੱਕ ਨੈੱਟ-ਜ਼ੀਰੋ ਨਿਕਾਸੀ ਦੇ ਰਾਸ਼ਟਰੀ ਟੀਚੇ ਦੇ ਅਨੁਕੂਲ ਵਿਕਸਤ ਕਰਨ ਦੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਇਸ ਫੰਡ

ਸਮਰਸਤਾ ਸੰਕਲਪ ਯਾਤਰਾ ਦਾ ਚੌਥਾ ਪੜਾਅ 19 ਨਵੰਬਰ ਤੋਂ, ਹਰਿਆਣਾ ਦੇ ਅੱਠ ਜ਼ਿਲ੍ਹਿਆਂ ਵਿੱਚੋਂ ਲੰਘੇਗੀ ਯਾਤਰਾ : ਡਾ. ਅਰਚਨਾ ਗੁਪਤਾ

25, 26 ਅਤੇ 28 ਨਵੰਬਰ ਨੂੰ ਹਰਿਆਣਾ ਵਿੱਚੋਂ ਲੰਘੇਗੀ ਯਾਤਰਾ, ਕੁਰੂਕਸ਼ੇਤਰ ਵਿੱਚ ਵਿਸ਼ਾਲ ਧਰਮ ਸਭਾ ਅਤੇ ਸੋਨੀਪਤ ਤੇ ਫਰੀਦਾਬਾਦ ਵਿੱਚ ਹੋਣਗੇ ਜ਼ਿਲ੍ਹਾ ਪੱਧਰੀ ਪ੍ਰੋਗਰਾਮ

ਕੁਰੂਕਸ਼ੇਤਰ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੰਤ ਸ਼੍ਰੋਮਣੀ ਗੁਰੂ ਰਵਿਦਾਸ ਮਹਾਰਾਜ ਜੀ ਦੀ 650ਵੀਂ ਜਨਮ ਵਰ੍ਹੇਗੰਢ ਦੇ ਸਬੰਧ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਚਲਾਈ ਜਾ ਰਹੀ ਸਮਰਸਤਾ ਸੰਕਲਪ ਮੁਹਿੰਮ ਦੇ ਚੌਥੇ ਪੜਾਅ ਦੀ ਸ਼ੁਰੂਆਤ 19 ਨਵੰਬਰ ਤੋਂ ਹੋਵੇਗੀ। ਇਸ ਤਹਿਤ ਜਲੰਧਰ ਤੋਂ ਕਾਸ਼ੀ ਤੱਕ ਕੱਢੀ ਜਾਣ ਵਾਲੀ ਸਮਰਸਤਾ ਸੰਕਲਪ ਯਾਤਰਾ 25, 26 ਅਤੇ 28 ਨਵੰਬਰ ਨੂੰ ਹਰਿਆਣਾ ਦੇ ਅੱਠ ਜ਼ਿਲ੍ਹਿਆਂ ਵਿੱਚੋਂ ਲੰਘੇਗੀ। ਯਾਤਰਾ ਦੌਰਾਨ ਕੁਰੂਕਸ਼ੇਤਰ ਵਿੱਚ ਵਿਸ਼ਾਲ ਧਰਮ ਸਭਾ ਅਤੇ ਸੋਨੀਪਤ ਤੇ ਫਰੀਦਾਬਾਦ ਵਿੱਚ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕਰਵਾਏ ਜਾਣਗੇ। ਯਾਤਰਾ ਵਿੱਚ ਭਾਜਪਾ ਵਰਕਰਾਂ ਦੇ ਨਾਲ-ਨਾਲ ਸੰਤਾਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ, ਪਤਵੰਤੇ ਨਾਗਰਿਕਾਂ ਅਤੇ ਆਮ ਲੋਕਾਂ ਦੀ ਵਿਆਪਕ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ।



ਕੁਰੂਕਸ਼ੇਤਰ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਗੀਤਾ ਕਮਲ ਵਿਖੇ ਭਾਜਪਾ ਹਰਿਆਣਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਦੀ ਪ੍ਰਧਾਨਗੀ ਹੇਠ ਸਮਰਸਤਾ ਸੰਕਲਪ ਯਾਤਰਾ ਦੀਆਂ ਤਿਆਰੀਆਂ ਸਬੰਧੀ ਸੂਬਾ ਪੱਧਰੀ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਤੇ ਭਾਜਪਾ ਅਨੁਸੂਚਿਤ ਜਾਤੀ ਮੋਰਚੇ ਦੇ ਸਾਬਕਾ ਕੌਮੀ ਪ੍ਰਧਾਨ ਲਾਲ ਸਿੰਘ ਆਰੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਕੈਬਿਨਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ, ਵਿਪੁਲ ਗੋਇਲ ਅਤੇ ਕ੍ਰਿਸ਼ਨ ਬੇਦੀ, ਸੂਬਾ ਜਨਰਲ ਸਕੱਤਰ (ਸੰਗਠਨ) ਪਵਨ ਰਾਣਾ, ਸੂਬਾ ਜਨਰਲ ਸਕੱਤਰ ਸੱਤਿਆ ਪ੍ਰਕਾਸ਼ ਜਰਾਵਤਾ ਅਤੇ ਗੋਪਾਲ ਸ਼ਰਮਾ, ਸੂਬਾ ਮੀਤ ਪ੍ਰਧਾਨ ਅਸ਼ੋਕ ਗੁਰਜਰ ਅਤੇ ਸਾਬਕਾ ਸੰਸਦ ਮੈਂਬਰ ਸੁਨੀਤਾ ਦੁੱਗਲ ਸਮੇਤ ਦਸ ਜ਼ਿਲ੍ਹਿਆਂ ਦੇ ਸੀਨੀਅਰ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।

ਲਗਭਗ ਦੋ ਘੰਟੇ ਚੱਲੀ ਇਸ ਵਰਕਸ਼ਾਪ ਦੌਰਾਨ ਯਾਤਰਾ ਦੇ ਰੂਟ ਨਾਲ ਜੁੜੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਪ੍ਰਧਾਨਾਂ, ਜ਼ਿਲ੍ਹਾ ਇੰਚਾਰਜਾਂ, ਲੋਕ ਨੁਮਾਇੰਦਿਆਂ ਅਤੇ ਸੀਨੀਅਰ ਵਰਕਰਾਂ ਨਾਲ ਯਾਤਰਾ ਦੇ ਸਵਾਗਤ, ਜਨ ਸਭਾਵਾਂ, ਸਮਾਜਿਕ ਭਾਗੀਦਾਰੀ, ਪ੍ਰਚਾਰ-ਪ੍ਰਸਾਰ ਅਤੇ ਹੋਰ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਭਾਜਪਾ ਹਰਿਆਣਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਤਿਆਰੀਆਂ ਦੀ ਸਮੀਖਿਆ ਕਰਦਿਆਂ ਅਹੁਦੇਦਾਰਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਅਤੇ ਸਾਰੇ ਪ੍ਰਬੰਧ ਆਪਸੀ ਤਾਲਮੇਲ ਨਾਲ ਸਮੇਂ ਸਿਰ ਮੁਕੰਮਲ ਕਰਨ 'ਤੇ ਜ਼ੋਰ ਦਿੱਤਾ।

ਡਾ. ਅਰਚਨਾ ਗੁਪਤਾ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਕੌਮੀ ਪੱਧਰ 'ਤੇ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਮਹਾਰਾਜ ਜੀ ਦੀ 650ਵੀਂ ਜਨਮ ਵਰ੍ਹੇਗੰਢ ਨੂੰ ਸਮਰਸਤਾ ਸੰਕਲਪ ਮੁਹਿੰਮ ਵਜੋਂ ਮਨਾ ਰਹੀ ਹੈ।

ਇਸੇ ਲੜੀ ਤਹਿਤ 19 ਨਵੰਬਰ ਨੂੰ ਡੇਰਾ ਸੱਚਖੰਡ ਬੱਲਾਂ, ਜਲੰਧਰ ਤੋਂ ਸਮਰਸਤਾ ਸੰਕਲਪ ਯਾਤਰਾ ਦੀ ਸ਼ੁਰੂਆਤ ਹੋਵੇਗੀ। ਇਹ 18 ਦਿਨਾਂ ਦੀ ਯਾਤਰਾ ਲਗਭਗ 2558 ਕਿਲੋਮੀਟਰ ਦਾ ਸਫ਼ਰ ਤੈਅ ਕਰਦਿਆਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮ ਭੂਮੀ ਸੀਰ ਗੋਵਰਧਨਪੁਰ, ਕਾਸ਼ੀ ਵਿਖੇ ਸਮਾਪਤ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਹ ਯਾਤਰਾ ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਹਰਿਆਣਾ, ਦਿੱਲੀ ਅਤੇ ਉੱਤਰ ਪ੍ਰਦੇਸ਼ ਵਿੱਚੋਂ ਲੰਘੇਗੀ। ਯਾਤਰਾ ਦੌਰਾਨ 19 ਵੱਡੀਆਂ ਧਰਮ ਸਭਾਵਾਂ ਅਤੇ 28 ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕਰਵਾਏ ਜਾਣਗੇ।

ਵੱਖ-ਵੱਖ ਥਾਵਾਂ 'ਤੇ ਸੰਤਾਂ, ਸਮਾਜਿਕ ਸੰਸਥਾਵਾਂ, ਧਾਰਮਿਕ ਅਦਾਰਿਆਂ ਅਤੇ ਸਮਾਜ ਦੇ ਪਤਵੰਤੇ ਵਿਅਕਤੀਆਂ ਨੂੰ ਸੱਦਾ ਦਿੱਤਾ ਜਾਵੇਗਾ, ਤਾਂ ਜੋ ਮੁਹਿੰਮ ਵਿੱਚ ਸਮਾਜ ਦੇ ਹਰ ਵਰਗ ਦੀ ਵਿਆਪਕ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।

ਡਾ. ਅਰਚਨਾ ਗੁਪਤਾ ਨੇ ਕਿਹਾ ਕਿ ਇਸ ਯਾਤਰਾ ਦਾ ਮੁੱਖ ਉਦੇਸ਼ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਿੱਤੇ ਸਮਾਜਿਕ ਸਮਰਸਤਾ, ਬਰਾਬਰੀ, ਭਾਈਚਾਰੇ ਅਤੇ ਮਨੁੱਖਤਾ ਦੀ ਭਲਾਈ ਦੇ ਸੰਦੇਸ਼ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਹੈ।

25 ਨਵੰਬਰ ਨੂੰ ਹਰਿਆਣਾ ਵਿੱਚ ਦਾਖਲ ਹੋਵੇਗੀ ਯਾਤਰਾ, ਕੁਰੂਕਸ਼ੇਤਰ ਵਿੱਚ ਵਿਸ਼ਾਲ ਧਰਮ ਸਭਾ ਨੂੰ ਸੰਬੋਧਨ ਕਰਨਗੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਭਾਜਪਾ ਹਰਿਆਣਾ ਦੀ ਸੂਬਾ ਪ੍ਰਧਾਨ ਡਾ. ਅਰਚਨਾ ਗੁਪਤਾ ਨੇ ਦੱਸਿਆ ਕਿ ਸਮਰਸਤਾ ਸੰਕਲਪ ਯਾਤਰਾ 25 ਨਵੰਬਰ ਨੂੰ ਸਹਾਰਨਪੁਰ ਤੋਂ ਯਮੁਨਾਨਗਰ ਦੇ ਰਸਤੇ ਹਰਿਆਣਾ ਵਿੱਚ ਦਾਖਲ ਹੋਵੇਗੀ। ਇਸ ਤੋਂ ਬਾਅਦ ਯਾਤਰਾ ਅੰਬਾਲਾ ਹੁੰਦੀ ਹੋਈ ਕੁਰੂਕਸ਼ੇਤਰ ਪਹੁੰਚੇਗੀ, ਜਿੱਥੇ ਸ਼ਾਮ ਚਾਰ ਵਜੇ ਵਿਸ਼ਾਲ ਧਰਮ ਸਭਾ ਕਰਵਾਈ ਜਾਵੇਗੀ।

ਇਸ ਧਰਮ ਸਭਾ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੰਬੋਧਨ ਕਰਨਗੇ। ਹਰਿਆਣਾ ਦੀ ਸਰਹੱਦ 'ਤੇ ਲਗਭਗ 500 ਮੋਟਰਸਾਈਕਲਾਂ ਨਾਲ ਯਾਤਰਾ ਦਾ ਸਵਾਗਤ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ 26 ਨਵੰਬਰ ਨੂੰ ਯਾਤਰਾ ਕੁਰੂਕਸ਼ੇਤਰ ਤੋਂ ਕਰਨਾਲ, ਪਾਣੀਪਤ ਅਤੇ ਸੋਨੀਪਤ ਹੁੰਦੀ ਹੋਈ ਮੇਰਠ ਵੱਲ ਰਵਾਨਾ ਹੋਵੇਗੀ।

ਇਸ ਤੋਂ ਬਾਅਦ 28 ਨਵੰਬਰ ਨੂੰ ਯਾਤਰਾ ਦਿੱਲੀ ਤੋਂ ਫਰੀਦਾਬਾਦ ਅਤੇ ਪਲਵਲ ਹੁੰਦੀ ਹੋਈ ਮਥੁਰਾ ਵੱਲ ਰਵਾਨਾ ਹੋਵੇਗੀ। ਕੁਰੂਕਸ਼ੇਤਰ ਵਿੱਚ ਵਿਸ਼ਾਲ ਧਰਮ ਸਭਾ ਤੋਂ ਇਲਾਵਾ ਸੋਨੀਪਤ ਅਤੇ ਫਰੀਦਾਬਾਦ ਵਿੱਚ ਵੀ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕਰਵਾਏ ਜਾਣਗੇ।

ਡਾ. ਅਰਚਨਾ ਗੁਪਤਾ ਨੇ ਦੱਸਿਆ ਕਿ ਕੁਰੂਕਸ਼ੇਤਰ ਤੋਂ ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਕਈ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਇਨ੍ਹਾਂ ਵਿੱਚ ਸਫ਼ਾਈ ਮੁਹਿੰਮ, ਅਨੁਸੂਚਿਤ ਜਾਤੀ ਸਮਾਜ ਦੇ 150 ਤੋਂ 200 ਪਤਵੰਤੇ ਵਿਅਕਤੀਆਂ ਨਾਲ ਸਮਰਸਤਾ ਸੰਵਾਦ ਅਤੇ ਮੰਦਰ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਦੀ ਸਥਾਪਨਾ ਤੇ ਪੂਜਾ ਵਰਗੇ ਪ੍ਰੋਗਰਾਮ ਸ਼ਾਮਲ ਹੋਣਗੇ।

ਯਾਤਰਾ ਦੇ ਰਸਤੇ ਵਿੱਚ ਆਉਣ ਵਾਲੇ ਮਹਾਨ ਵਿਅਕਤੀਆਂ ਦੇ ਸਮਾਰਕਾਂ ਅਤੇ ਬੁੱਤਾਂ 'ਤੇ ਫੁੱਲ ਭੇਟ ਕਰਕੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਮਰਸਤਾ ਸੰਕਲਪ ਯਾਤਰਾ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ, ਸਗੋਂ ਸਮਾਜਿਕ ਸਦਭਾਵਨਾ, ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ।

ਉਨ੍ਹਾਂ ਅਹੁਦੇਦਾਰਾਂ ਨੂੰ ਅਪੀਲ ਕੀਤੀ ਕਿ ਯਾਤਰਾ ਵਿੱਚ ਸੰਤਾਂ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ, ਬੁੱਧੀਜੀਵੀਆਂ, ਪਤਵੰਤੇ ਨਾਗਰਿਕਾਂ ਅਤੇ ਆਮ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾਵੇ, ਤਾਂ ਜੋ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਦੇਸ਼ ਸਮਾਜ ਦੇ ਹਰ ਵਰਗ ਤੱਕ ਪਹੁੰਚ ਸਕੇ।

ਡਾ. ਅਰਚਨਾ ਗੁਪਤਾ ਨੇ ਸਾਰੇ ਅਹੁਦੇਦਾਰਾਂ ਅਤੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਨਿਰਧਾਰਤ ਜ਼ਿੰਮੇਵਾਰੀਆਂ ਪੂਰੀ ਨਿਸ਼ਠਾ, ਸਮਰਪਣ ਅਤੇ ਆਪਸੀ ਤਾਲਮੇਲ ਨਾਲ ਨਿਭਾਉਣ। ਵਰਕਸ਼ਾਪ ਦੌਰਾਨ ਸੂਬਾ ਅਤੇ ਜ਼ਿਲ੍ਹਾ ਪੱਧਰ 'ਤੇ ਯਾਤਰਾ ਦੀਆਂ ਤਿਆਰੀਆਂ, ਸਵਾਗਤੀ ਪ੍ਰੋਗਰਾਮਾਂ, ਜਨ ਸਭਾਵਾਂ ਅਤੇ ਹੋਰ ਪ੍ਰਬੰਧਾਂ ਸਬੰਧੀ ਜ਼ਿੰਮੇਵਾਰੀਆਂ ਵੀ ਤੈਅ ਕੀਤੀਆਂ ਗਈਆਂ।

ਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰਾ ਦੇ ਵਿਚਾਰਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਯਾਤਰਾ ਦਾ ਉਦੇਸ਼ : ਲਾਲ ਸਿੰਘ ਆਰੀਆ ਸੂਬਾ ਪੱਧਰੀ ਵਰਕਸ਼ਾਪ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਲਾਲ ਸਿੰਘ ਆਰੀਆ ਨੇ ਕਿਹਾ ਕਿ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਅਤੇ ਫ਼ਲਸਫ਼ਾ ਸਮਾਜਿਕ ਬਰਾਬਰੀ, ਨਿਆਂ, ਭਾਈਚਾਰੇ ਅਤੇ ਮਨੁੱਖੀ ਮਾਣ-ਸਨਮਾਨ ਦਾ ਡੂੰਘਾ ਸੰਦੇਸ਼ ਦਿੰਦਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਕਲਪਿਆ ਗਿਆ ਬੇਗਮਪੁਰਾ ਇੱਕ ਅਜਿਹੇ ਆਦਰਸ਼ ਸਮਾਜ ਦੀ ਕਲਪਨਾ ਹੈ, ਜਿੱਥੇ ਕਿਸੇ ਵੀ ਤਰ੍ਹਾਂ ਦਾ ਡਰ, ਵਿਤਕਰਾ ਜਾਂ ਅਨਿਆਂ ਨਾ ਹੋਵੇ ਅਤੇ ਹਰ ਵਿਅਕਤੀ ਨੂੰ ਬਰਾਬਰ ਮਾਣ-ਸਨਮਾਨ ਅਤੇ ਅਧਿਕਾਰ ਪ੍ਰਾਪਤ ਹੋਣ।

ਲਾਲ ਸਿੰਘ ਆਰੀਆ ਨੇ ਕਿਹਾ ਕਿ ਸਮਰਸਤਾ ਸੰਕਲਪ ਯਾਤਰਾ ਦਾ ਮੁੱਖ ਉਦੇਸ਼ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਨ੍ਹਾਂ ਮਹਾਨ ਵਿਚਾਰਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਅਤੇ ਸਮਾਜਿਕ ਸਮਰਸਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਰਾਸਤ ਅਤੇ ਸਿੱਖਿਆਵਾਂ ਨੂੰ ਸਨਮਾਨ ਦੇਣ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

ਮੱਧ ਪ੍ਰਦੇਸ਼ ਦੇ ਸਾਗਰ ਸਥਿਤ ਬੜਤੂਮਾ ਵਿਖੇ ਸੰਤ ਰਵਿਦਾਸ ਮੰਦਰ ਦਾ ਨਿਰਮਾਣ ਅਤੇ ਹਰਿਆਣਾ ਦੇ ਊਮਰੀ ਵਿਖੇ ਪ੍ਰਸਤਾਵਿਤ ਸਥਾਨ ਦਾ ਵਿਕਾਸ ਵੀ ਇਸੇ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹਨ। ਲਾਲ ਸਿੰਘ ਆਰੀਆ ਨੇ ਦੱਸਿਆ ਕਿ ਸਮਰਸਤਾ ਸੰਕਲਪ ਮੁਹਿੰਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ 29 ਜੁਲਾਈ ਨੂੰ ਗੁਰੂ ਪੂਰਨਿਮਾ ਦੇ ਮੌਕੇ 'ਤੇ ਕਾਸ਼ੀ ਤੋਂ ਕੀਤੀ ਗਈ ਸੀ।

ਇਸ ਦੌਰਾਨ 131 ਥਾਵਾਂ ਤੋਂ ਰੱਥ ਰਵਾਨਾ ਕੀਤੇ ਗਏ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਜਨਮ ਭੂਮੀ ਦੀ ਪਵਿੱਤਰ ਮਿੱਟੀ ਨੂੰ ਕਲਸ਼ਾਂ ਵਿੱਚ ਇਕੱਠਾ ਕਰਕੇ ਵੱਖ-ਵੱਖ ਥਾਵਾਂ ਤੱਕ ਪਹੁੰਚਾਇਆ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਦੇਸ਼ ਭਰ ਵਿੱਚ 51 ਹਜ਼ਾਰ ਥਾਵਾਂ 'ਤੇ ਸਮਰਸਤਾ ਦੀਪ ਮੁਹਿੰਮ ਤਹਿਤ ਦੀਪ ਉਤਸਵ ਪ੍ਰੋਗਰਾਮ ਕਰਵਾਏ ਗਏ।

ਸੰਤ ਸੰਪਰਕ ਮੁਹਿੰਮ ਰਾਹੀਂ ਵੀ ਸੰਤ ਸਮਾਜ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨਾਲ ਸੰਵਾਦ ਸਥਾਪਿਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਹੁਣ ਮੁਹਿੰਮ ਦੇ ਚੌਥੇ ਪੜਾਅ ਤਹਿਤ ਸਮਰਸਤਾ ਸੰਕਲਪ ਯਾਤਰਾ ਕੱਢੀ ਜਾ ਰਹੀ ਹੈ, ਜਿਸ ਦਾ ਉਦੇਸ਼ ਗੁਰੂ ਰਵਿਦਾਸ ਮਹਾਰਾਜ ਜੀ ਦੇ ਬਰਾਬਰੀ, ਸਮਾਜਿਕ ਨਿਆਂ, ਭਾਈਚਾਰੇ ਅਤੇ ਸਮਰਸਤਾ ਦੇ ਸੰਦੇਸ਼ ਨੂੰ ਦੇਸ਼ ਭਰ ਵਿੱਚ ਵਿਆਪਕ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣਾ ਹੈ।

ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਿਆ

ਚੰਡੀਗੜ੍ਹ, 19 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਉੱਨਤ ਅਤੇ ਸਿਹਤਮੰਦ ਪਨੀਰੀ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਿਆ ਗਿਆ ਹੈ।

ਬਾਗਬਾਨੀ ਵਿਭਾਗ, ਹਰਿਆਣਾ ਦੇ ਬੁਲਾਰੇ ਨੇ ਦੱਸਿਆ ਕਿ ਵਿਭਾਗ ਅਧੀਨ ਆਉਂਦੇ ਸਬਜ਼ੀ ਉੱਤਮਤਾ ਕੇਂਦਰ, ਘਰੌਂਡਾ ਵਿਖੇ ਹਾੜ੍ਹੀ ਦੇ ਸੀਜ਼ਨ ਦੀਆਂ ਸਬਜ਼ੀਆਂ ਜਿਵੇਂ ਕਿ ਤਰਬੂਜ਼, ਖਰਬੂਜ਼ਾ, ਖੀਰਾ, ਸ਼ਿਮਲਾ ਮਿਰਚ ਅਤੇ ਹੋਰ ਸਾਗੀਆਂ ਵੇਲਾਂ ਵਾਲੀਆਂ ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਪਹਿਲਕਦਮੀ ਤਹਿਤ ਕਿਸਾਨ ਆਪਣੇ ਖੇਤ ਨਾਲ ਸਬੰਧਤ ਸਬਜ਼ੀ ਦੀ ਫ਼ਸਲ ਦਾ ਬੀਜ ਲੈ ਕੇ ਇਸ ਕੇਂਦਰ ਵਿਖੇ ਆਪਣੀ ਸਿਹਤਮੰਦ ਪਨੀਰੀ ਤਿਆਰ ਕਰਵਾਉਣ ਲਈ ਸੰਪਰਕ ਕਰ ਸਕਦੇ ਹਨ। ਕੇਂਦਰ ਵੱਲੋਂ ਨਿਰਧਾਰਿਤ ਸਮਾਂ-ਸੀਮਾ ਵਿੱਚ ਕਿਸਾਨਾਂ ਨੂੰ ਸਿਹਤਮੰਦ ਪਨੀਰੀ ਮੁਹੱਈਆ ਕਰਵਾਈ ਜਾਵੇਗੀ ਅਤੇ ਵਿਭਾਗੀ ਨਿਯਮਾਂ ਅਨੁਸਾਰ ਕੰਮ ਮੁਕੰਮਲ ਹੋਣ 'ਤੇ ਸਬਸਿਡੀ ਦੀ ਰਾਸ਼ੀ ਡੀ.ਬੀ.ਟੀ. ਰਾਹੀਂ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

ਕੇਂਦਰ ਵਿਖੇ ਸਥਿਤ ਹਾਈ-ਟੈੱਕ ਗ੍ਰੀਨ ਹਾਊਸ ਦਾ ਕੁੱਲ ਆਕਾਰ 1792 ਵਰਗ ਮੀਟਰ ਹੈ, ਅਤੇ ਉਪਲਬਧ ਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਦੀ ਪਨੀਰੀ ਦੀ ਬੁਕਿੰਗ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਕੀਤੀ ਜਾਵੇਗੀ। ਸਬਜ਼ੀਆਂ ਦੀ ਪਨੀਰੀ ਦੀ ਬੁਕਿੰਗ ਲਈ ਲੋੜੀਂਦੇ ਦਸਤਾਵੇਜ਼ਾਂ ਵਿੱਚ ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸਬੁੱਕ ਜਾਂ ਚੈੱਕ ਦੀ ਕਾਪੀ, ਪਰਿਵਾਰ ਪਹਿਚਾਣ ਪੱਤਰ, ਮੋਰੀ ਫ਼ਸਲ ਮੋਰਾ ਬਿਓਰਾ ਅਤੇ ਪਾਸਪੋਰਟ ਸਾਈਜ਼ ਫੋਟੋ ਆਦਿ ਸ਼ਾਮਲ ਹਨ।

30 ਸਾਲਾਂ ਵਿੱਚ ਸਰਕਾਰੀ ਸਕੂਲਾਂ ਦੀ ਬਦਲੀ ਤਸਵੀਰ, ਹੁਣ ਪ੍ਰੀਖਿਆ ਨਤੀਜਾ 94 ਫੀਸਦੀ ਤੱਕ ਪਹੁੰਚਿਆ : ਮਹੀਪਾਲ ਢਾਂਡਾ

ਚੰਡੀਗੜ੍ਹ, 19 ਨਵੰਬਰ
**-ਕੌਮੀ

ਪੀਪੀਪੀ ਮਾਡਲ ਤਹਿਤ ਪੰਜਾਬ ਦੀਆਂ ਜਨਤਕ ਸਿਹਤ ਸੇਵਾਵਾਂ ਨੂੰ 'ਵੇਚਣ' ਲਈ ਬਾਜਵਾ ਨੇ ਮਾਨ ਸਰਕਾਰ ਨੂੰ ਘੇਰਿਆ

ਕੌਮੀ ਪੜ੍ਹਿਕਾ

ਚੰਡੀਗੜ੍ਹ 19 ਨਵੰਬਰ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ, ਪ੍ਰਤਾਪ ਸਿੰਘ ਬਾਜਵਾ ਨੇ ਵੀਰਵਾਰ ਨੂੰ ਨਵਾਂਸ਼ਹਿਰ ਵਿੱਚ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਤਹਿਤ ਮੈਡੀਕਲ ਕਾਲਜ ਵਿਕਸਤ ਕਰਨ ਦੇ ਫੈਸਲੇ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਇਸ ਨੂੰ ਨਿੱਜੀ ਹਿੱਤਾਂ ਅੱਗੇ ਜਨਤਕ ਸਿਹਤ ਢਾਂਚੇ ਦਾ ਆਤਮ-ਸਮਰਪਣ ਕਰਾਰ ਦਿੱਤਾ। ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜ ਸਾਲਾਂ ਦੇ ਅੰਦਰ ਪੰਜਾਬ ਭਰ ਵਿੱਚ 16 ਨਵੇਂ ਮੈਡੀਕਲ ਕਾਲਜ ਸਥਾਪਤ ਕਰਨ ਦੀ ਆਪਣੀ 2022 ਦੀ ਬਜਟ ਵਚਨਬੱਧਤਾ ਨਾਲ ਵਿਸ਼ਵਾਸਘਾਤ ਕੀਤਾ ਹੈ। ਆਪਣਾ ਕਾਰਜਕਾਲ ਪੂਰਾ ਹੋਣ ਦੇ ਨੇੜੇ ਹੋਣ ਦੇ ਬਾਵਜੂਦ, ਸਰਕਾਰੀ ਮੈਡੀਕਲ ਸਿੱਖਿਆ ਨੂੰ ਮਜ਼ਬੂਤ ਕਰਨ ਦਾ ਵਾਅਦਾ ਪੂਰਾ ਕਰਨ ਦੀ ਬਜਾਏ, ਸਰਕਾਰ ਹੁਣ ਜਨਤਕ ਹਸਪਤਾਲਾਂ ਦੇ ਬੁਨਿਆਦੀ ਢਾਂਚੇ ਨੂੰ ਨਿੱਜੀ ਆਪਰੇਟਰਾਂ ਦੇ ਹਵਾਲੇ ਕਰ ਰਹੀ ਹੈ। ਨਵਾਂਸ਼ਹਿਰ ਪ੍ਰੋਜੈਕਟ 'ਤੇ ਵਿਸ਼ੇਸ਼ ਇਤਰਾਜ਼ ਜਤਾਉਂਦਿਆਂ ਬਾਜਵਾ ਨੇ ਦੱਸਿਆ ਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਨੇ ਡਿਜ਼ਾਈਨ, ਬਿਲਡ, ਫਾਈਨਾਂਸ, ਆਪਰੇਟ ਅਤੇ ਟ?ਰਾਂਸਫਰ ਮਾਡਲ ਤਹਿਤ ਇੰਡਸ ਸੁਪਰ ਸਪੈਸ਼ਲਿਟੀ ਹੈਲਥਕੇਅਰ ਪ੍ਰਾਈਵੇਟ ਲਿਮਟਿਡ ਨੂੰ ਲੈਟਰ ਆਫ਼ ਇੰਟੈਂਟ ਜਾਰੀ ਕੀਤਾ ਹੈ। ਉਨ੍ਹਾਂ ਇਸ ਸਮਝੌਤੇ ਦੀਆਂ ਕਥਿਤ ਵਿੱਤੀ ਸ਼ਰਤਾਂ 'ਤੇ ਸਵਾਲ ਉਠਾਏ, ਜਿਸ ਤਹਿਤ ਨਿੱਜੀ ਕੰਪਨੀ ਹਸਪਤਾਲ ਦੀ 60 ਸਾਲਾਂ ਦੀ ਲੀਜ਼ ਲਈ ਰਾਜ ਸਰਕਾਰ ਨੂੰ



ਸਿਰਫ਼ 1.5 ਕਰੋੜ ਰੁਪਏ ਸਾਲਾਨਾ ਅਦਾ ਕਰੇਗੀ। ਬਾਜਵਾ ਨੇ ਕਿਹਾ, "ਕੀ ਮਾਨ ਸਰਕਾਰ ਟੈਕਸ ਭਰਨ ਵਾਲਿਆਂ ਦੇ ਪੈਸੇ ਨਾਲ ਬਣੀਆਂ ਜਨਤਕ ਜਾਇਦਾਦਾਂ ਦਾ ਮੁੱਲ ਇਸ ਤਰ੍ਹਾਂ ਪਾਉਂਦੀ ਹੈ? ਪੰਜਾਬੀਆਂ ਦੀਆਂ ਪੀੜ੍ਹੀਆਂ ਦੀ ਸੇਵਾ ਕਰਨ ਲਈ ਬਣੀ ਇੱਕ ਅਹਿਮ ਸਿਹਤ ਸੰਸਥਾ ਨੂੰ ਮਾਮੂਲੀ ਸਾਲਾਨਾ ਅਦਾਇਗੀ ਬਦਲੇ ਨਿੱਜੀ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ। ਇਹ ਜਨਤਕ ਬੁਨਿਆਦੀ ਢਾਂਚੇ ਨੂੰ ਮੁਫ਼ਤ ਵਿੱਚ ਲੁਟਾਉਣ ਤੋਂ ਘੱਟ ਨਹੀਂ ਹੈ। ਉਨ੍ਹਾਂ ਪ੍ਰਸਤਾਵਿਤ 50 ਐੱਮ.ਬੀ.ਬੀ.ਐੱਸ. ਸੀਟਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ, ਜਿਨ੍ਹਾਂ ਵਿੱਚੋਂ 50 ਪ੍ਰਤੀਸ਼ਤ ਪੰਜਾਬ ਸਰਕਾਰ ਦੇ ਕੋਟੇ ਅਧੀਨ ਆਉਣਗੀਆਂ। ਉਨ੍ਹਾਂ ਬਾਕੀ ਸੀਟਾਂ 'ਤੇ ਲਾਗੂ ਹੋਣ ਵਾਲੇ ਦਾਖਲੇ ਅਤੇ ਫੀਸ ਢਾਂਚੇ ਬਾਰੇ ਸਪੱਸ਼ਟਤਾ ਦੀ ਮੰਗ ਕਰਦਿਆਂ ਚੇਤਾਵਨੀ ਦਿੱਤੀ ਕਿ ਨਿੱਜੀ ਪ੍ਰਬੰਧਨ ਅਧੀਨ ਐੱਨ.ਆਰ.ਆਈ. ਕੋਟੇ ਆਮ ਪੰਜਾਬੀ ਪਰਿਵਾਰਾਂ ਲਈ ਮੈਡੀਕਲ ਸਿੱਖਿਆ ਨੂੰ ਬਹੁਤ ਮਹਿੰਗਾ ਬਣਾ ਸਕਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਪੰਜਾਬ ਨਾਲ ਕਿਫਾਇਤੀ ਮੈਡੀਕਲ ਸਿੱਖਿਆ ਦਾ ਵਿਸਥਾਰ ਕਰਨ ਅਤੇ ਜਨਤਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ 16 ਨਵੇਂ ਮੈਡੀਕਲ ਕਾਲਜ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਉਹ ਕਾਲਜ ਕਿੱਥੇ ਹਨ? ਆਪਣੀ ਵਚਨਬੱਧਤਾ ਪੂਰੀ ਕਰਨ ਦੀ ਬਜਾਏ, ਸਰਕਾਰ ਪੀ.ਪੀ.ਪੀ. ਸਮਝੌਤਿਆਂ ਦਾ ਸਹਾਰਾ ਲੈ ਰਹੀ ਹੈ। ਇਹ ਆਪਣੇ ਹੀ ਵਾਅਦੇ ਤੋਂ ਸ਼ਰਮਨਾਕ ਪਿੱਛੇ ਹਟਣਾ ਅਤੇ ਇੱਕ ਹੋਰ ਪ੍ਰਚਾਰ ਸਟੰਟ ਹੈ। ਬਾਜਵਾ ਨੇ ਅੱਗੇ ਸਵਾਲ ਕੀਤਾ ਕਿ ਨਿੱਜੀ ਆਪਰੇਟਰਾਂ ਨੂੰ ਮਰੀਜ਼ਾਂ ਤੋਂ ਟੈਸਟਾਂ (ਡਾਇਗਨੌਸਟਿਕਸ), ਇੰਪਲਾਂਟ ਅਤੇ ਵਿਸ਼ੇਸ਼ ਇਲਾਜਾਂ ਲਈ ਮਨਮਾਨੇ ਰੇਟ ਵਸੂਲਣ ਤੋਂ ਰੋਕਣ ਲਈ ਕੀ ਸੁਰੱਖਿਆ ਉਪਾਅ ਹੋਣਗੇ। ਉਨ੍ਹਾਂ ਮੰਗ ਕੀਤੀ, "ਸਿਹਤ ਸੰਭਾਲ ਇੱਕ ਜਨਤਕ ਜ਼ਿੰਮੇਵਾਰੀ ਹੈ, ਨਾ ਕਿ ਕੋਈ ਵਪਾਰਕ ਮੌਕਾ। ਕਿਫਾਇਤੀ ਦਰਾਂ, ਪਾਰਦਰਸ਼ਤਾ ਅਤੇ ਜਵਾਬਦੇਹੀ ਕੌਣ ਯਕੀਨੀ ਬਣਾਏਗਾ? ਕਾਨੂੰਨੀ ਤੌਰ 'ਤੇ ਲਾਗੂ ਹੋਣ ਯੋਗ ਸੁਰੱਖਿਆ ਉਪਾਵਾਂ ਤੋਂ ਬਿਨਾਂ ਸਬਸਿਡੀ ਵਾਲੇ ਇਲਾਜ ਬਾਰੇ ਸਰਕਾਰੀ ਐਲਾਨਾਂ ਦਾ ਕੋਈ ਮਤਲਬ ਨਹੀਂ ਹੈ। ਸਰਕਾਰ ਨੂੰ ਪੂਰਾ ਸਮਝੌਤਾ ਜਨਤਕ ਕਰਨਾ ਚਾਹੀਦਾ ਹੈ। ਪੰਜਾਬ ਦੀਆਂ ਵਧਦੀਆਂ ਵਿੱਤੀ ਚੁਣੌਤੀਆਂ ਦਰਮਿਆਨ ਮਾਨ ਸਰਕਾਰ 'ਤੇ ਜਨਤਕ ਹਿੱਤਾਂ ਨਾਲ ਸਮਝੌਤਾ ਕਰਨ ਦਾ ਦੋਸ਼ ਲਗਾਉਂਦਿਆਂ ਬਾਜਵਾ ਨੇ ਕਿਹਾ ਕਿ ਪੰਜਾਬੀ ਪਹੁੰਚਯੋਗ ਸਿਹਤ ਸੇਵਾਵਾਂ, ਕਿਫਾਇਤੀ ਮੈਡੀਕਲ ਸਿੱਖਿਆ ਅਤੇ ਜਵਾਬਦੇਹੀ ਦੇ ਹੱਕਦਾਰ ਹਨ, ਨਾ ਕਿ ਸ਼ੱਕੀ ਸਮਝੌਤਿਆਂ ਰਾਹੀਂ ਜਨਤਕ ਜਾਇਦਾਦਾਂ ਦੇ ਨਿੱਜੀਕਰਨ ਦੇ।

'ਕੁਦਰਤੀ ਆਫ਼ਤ' ਕਾਰਨ ਵਾਪਰੇ ਹਾਦਸੇ 'ਚ ਵੀ ਪੀੜਤ ਮੁਆਵਜ਼ੇ ਦੇ ਹੱਕਦਾਰ, ਕਾਰ 'ਤੇ ਬਰਫ਼ ਡਿੱਗਣ ਨਾਲ ਵਾਪਰੇ ਹਾਦਸੇ 'ਤੇ ਹਾਈ ਕੋਰਟ ਦਾ ਅਹਿਮ ਫ਼ੈਸਲਾ

ਕੌਮੀ ਪੜ੍ਹਿਕਾ

ਚੰਡੀਗੜ੍ਹ 19 ਨਵੰਬਰ। ਮੋਟਰ ਹਾਦਸਿਆਂ ਵਿੱਚ ਮੁਆਵਜ਼ੇ ਸਬੰਧੀ ਇੱਕ ਅਹਿਮ ਫੈਸਲੇ ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਪੀੜਤਾਂ ਨੂੰ 'ਬਿਨਾਂ ਗਲਤੀ' ਮੁਆਵਜ਼ੇ ਦੇ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ, ਭਾਵੇਂ ਹਾਦਸਾ ਕਿਸੇ 'ਕੁਦਰਤੀ ਆਫ਼ਤ' ਯਾਨੀ ਅਜਿਹੀ ਕੁਦਰਤੀ ਘਟਨਾ ਜੋ ਮਨੁੱਖੀ ਕਾਬੂ ਤੋਂ ਬਾਹਰ ਹੋਵੇ, ਕਾਰਨ ਹੀ ਕਿਉਂ ਨਾ ਵਾਪਰਿਆ ਹੋਵੇ। ਅਦਾਲਤ ਨੇ ਕਿਹਾ ਕਿ ਮੋਟਰ ਵਹੀਕਲ ਐਕਟ ਤਹਿਤ 'ਬਿਨਾਂ ਗਲਤੀ' ਮੁਆਵਜ਼ੇ ਦੀ ਵਿਵਸਥਾ ਦਾ ਉਦੇਸ਼ ਹਾਦਸੇ ਦੇ ਸ਼ਿਕਾਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ; ਇਸ ਲਈ ਇਹ ਸਾਬਤ ਕਰਨਾ ਜ਼ਰੂਰੀ ਨਹੀਂ ਹੈ ਕਿ ਘਟਨਾ ਕਿਸੇ ਵਿਅਕਤੀ ਦੀ ਲਾਪਰਵਾਹੀ ਕਾਰਨ ਵਾਪਰੀ ਸੀ। ਸਾਲ 1997 ਵਿੱਚ, ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਵਿੱਚ, ਇੱਕ ਕਾਰ 'ਤੇ ਬਰਫ਼ ਡਿੱਗਣ ਕਾਰਨ ਉਸ ਵਿੱਚ ਸਵਾਰ ਲੋਕ ਜ਼ਖਮੀ ਹੋ ਗਏ ਸਨ।



ਇਸ ਘਟਨਾ ਤੋਂ ਬਾਅਦ, ਪ੍ਰਭਾਵਿਤ ਪਰਿਵਾਰ ਨੇ ਮੁਆਵਜ਼ੇ ਦੀ ਮੰਗ ਕੀਤੀ। ਅੰਮ੍ਰਿਤਸਰ ਸਥਿਤ ਮੋਟਰ ਐਕਸੀਡੈਂਟ ਕਲੇਮਜ਼ ਟ੍ਰਿਬਿਊਨਲ ਨੇ ਸ਼ੁਰੂ ਵਿੱਚ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਸੀ। ਮੁੱਖ ਕਾਨੂੰਨੀ ਸਵਾਲ ਇਹ ਸੀ ਕਿ ਕੀ ਪੀੜਤ ਉਸ ਸਥਿਤੀ ਵਿੱਚ ਵੀ ਮੁਆਵਜ਼ੇ ਦੇ ਹੱਕਦਾਰ ਹਨ, ਜਦੋਂ ਹਾਦਸਾ ਕਿਸੇ ਅਜਿਹੀ ਕੁਦਰਤੀ ਘਟਨਾ ਕਾਰਨ ਵਾਪਰੇ ਜਿਸ ਵਿੱਚ ਕਿਸੇ ਮਨੁੱਖ ਦੀ ਕੋਈ ਗਲਤੀ ਨਾ ਹੋਵੇ? ਸੁਣਵਾਈ ਦੌਰਾਨ, ਹਾਈ ਕੋਰਟ ਨੇ ਮੋਟਰ ਵਹੀਕਲ ਐਕਟ ਵਿੱਚ ਦਰਜ 'ਬਿਨਾਂ ਗਲਤੀ' ਜ਼ਿੰਮੇਵਾਰੀ ਦੀਆਂ ਵਿਵਸਥਾਵਾਂ ਦੀ ਸਮੀਖਿਆ ਕੀਤੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸ ਕਾਨੂੰਨੀ ਢਾਂਚੇ ਦਾ ਮਕਸਦ ਹਾਦਸੇ ਦੇ ਪੀੜਤਾਂ ਨੂੰ ਤੁਰੰਤ ਵਿੱਤੀ ਰਾਹਤ ਦੇਣਾ ਹੈ। ਸਿਰਫ਼ ਇਸ ਆਧਾਰ 'ਤੇ ਮੁਆਵਜ਼ਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹਾਦਸਾ ਕਿਸੇ ਕੁਦਰਤੀ ਘਟਨਾ ਜਾਂ 'ਕੁਦਰਤੀ ਆਫ਼ਤ' ਕਾਰਨ ਵਾਪਰਿਆ ਸੀ। ਮਾਮਲੇ ਦੇ ਤੱਥਾਂ ਅਤੇ ਸੰਬੰਧਿਤ ਕਾਨੂੰਨੀ ਧਾਰਾਵਾਂ ਦੀ ਸਮੀਖਿਆ ਕਰਨ ਤੋਂ ਬਾਅਦ, ਹਾਈ ਕੋਰਟ ਨੇ ਪ੍ਰਭਾਵਿਤ ਪਰਿਵਾਰ ਦੇ ਹੱਕ ਵਿੱਚ ਫੈਸਲਾ ਸੁਣਾਇਆ। ਅਦਾਲਤ ਨੇ ਹੁਕਮ ਦਿੱਤਾ ਕਿ ਪਰਿਵਾਰ ਦੇ ਹਰੇਕ ਯੋਗ ਮੈਂਬਰ ਨੂੰ 25-25 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ।

'ਆਪ' ਨੇ ਬਰਨਾਲਾ ਤੋਂ ਮੁੜ ਮੀਤ ਹੇਅਰ 'ਤੇ ਖੇਡਿਆ ਦਾਅ, ਚੌਥੀ ਵਾਰ ਚੋਣ ਮੈਦਾਨ 'ਚ ਉਤਾਰਿਆ

ਬਰਨਾਲਾ 19 ਨਵੰਬਰ। ਪੰਜਾਬ ਵਿਧਾਨ ਸਭਾ ਦੀਆਂ 2027 ਦੀਆਂ ਆਉਂਦੀਆਂ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਨੇ ਆਪਣੀ ਦੂਜੀ ਸੂਚੀ ਜਾਰੀ ਕਰਦਿਆਂ ਵਿਧਾਨ ਸਭਾ ਹਲਕਾ ਬਰਨਾਲਾ (ਜਨਰਲ) ਤੋਂ ਮੌਜੂਦਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੂੰ ਮੁੜ ਚੋਣ ਪਿੜ ਵਿੱਚ ਉਤਾਰਿਆ ਹੈ। ਲਗਾਤਾਰ ਤਿੰਨ ਵੱਡੀਆਂ ਚੋਣਾਂ ਜਿੱਤ ਕੇ ਸਿਆਸੀ ਪਿੜ ਵਿੱਚ ਆਪਣੀ ਧਾਕ ਜਮਾਉਣ ਵਾਲੇ ਮੀਤ ਹੇਅਰ ਹੁਣ ਚੌਥੀ ਵਾਰ ਆਪਣੀ ਕਿਸਮਤ ਅਜ਼ਮਾਉਣ ਜਾ ਰਹੇ ਹਨ। ਪਾਰਟੀ ਵੱਲੋਂ ਮੁੜ ਭਰੋਸਾ ਜਤਾਏ ਜਾਣ ਤੋਂ ਬਾਅਦ ਬਰਨਾਲਾ ਹਲਕੇ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਨਗਰ ਨਿਗਮ ਬਰਨਾਲਾ ਦੇ ਮੇਅਰ ਹਸਨਪ੍ਰੀਤ ਭਾਰਦਵਾਜ ਸਣੇ ਕੌਂਸਲਰਾਂ ਆਪ ਦੇ ਸਮਰਥਕ ਤੇ ਵਰਕਰਾਂ ਨੇ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦਾ ਮੂੰਹ ਮਿੱਠਾ ਕਰਵਾਇਆ। ਬਰਨਾਲਾ ਜ਼ਿਲ੍ਹੇ ਦੇ ਜੰਮਪਲ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸਾਲ 2011 ਵਿੱਚ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਕੀਤੀ ਸੀ। ਇਸ ਤੋਂ ਪਹਿਲਾਂ ਉਹ ਸਿਵਲ ਸੇਵਾਵਾਂ ਦੀ ਤਿਆਰੀ ਲਈ ਦਿੱਲੀ ਵੀ ਗਏ ਸਨ, ਪਰ ਸਮਾਜ ਸੇਵਾ ਅਤੇ ਸਿਆਸਤ ਦੀ ਚੇਟਕ ਲੱਗਣ ਕਾਰਨ ਉਹ ਆਮ ਆਦਮੀ ਪਾਰਟੀ ਦੇ ਮੁੱਢਲੇ ਕਾਰਕੁਨਾਂ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਬਰਨਾਲਾ ਇਲਾਕੇ ਵਿੱਚ ਪਾਰਟੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕੀਤਾ। ਮੀਤ ਹੇਅਰ ਦਾ ਚੋਣ ਰਿਕਾਰਡ ਬੇਹੱਦ ਸ਼ਾਨਦਾਰ ਰਿਹਾ ਹੈ। ?2017 ਦੀਆਂ ਚੋਣਾਂ 'ਤ ਪਹਿਲੀ ਵਾਰ ਵਿਧਾਨ ਸਭਾ ਚੋਣ ਲੜਦਿਆਂ ਉਨ੍ਹਾਂ ਨੇ ਕਾਂਗਰਸ ਦੇ ਦਿੱਗਜ ਆਗੂ ਕੇਵਲ ਸਿੰਘ ਢਿੱਲੋਂ ਨੂੰ 2,432 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਪਹਿਲੀ ਜਿੱਤ ਦਰਜ ਕੀਤੀ ਅਤੇ ਵਿਰੋਧੀ ਧਿਰ ਦੇ ਵਿਧਾਇਕ ਵਜੋਂ ਲੋਕਾਂ ਦੀ ਆਵਾਜ਼ ਬੁਲੰਦ ਕੀਤੀ। 2022 ਦੀਆਂ ਚੋਣਾਂ 'ਚ ਦੂਜੀ ਵਾਰ ਫਿਰ ਬਰਨਾਲਾ ਵਾਸੀਆਂ ਨੇ ਉਨ੍ਹਾਂ 'ਤੇ ਭਰੋਸਾ ਜਤਾਇਆ। ਉਨ੍ਹਾਂ ਨੇ 64,800 ਵੋਟਾਂ ਹਾਸਲ ਕਰਕੇ ਅਕਾਲੀ ਦਲ ਦੇ ਉਮੀਦਵਾਰ ਕੁਲਵੰਤ ਸਿੰਘ ਕੀਤੂ ਨੂੰ 37,622 ਵੋਟਾਂ ਦੇ ਵੱਡੇ ਫ਼ਰਕ ਨਾਲ ਮਾਤ ਦਿੱਤੀ। 2024 ਲੋਕ ਸਭਾ ਚੋਣਾਂ 'ਚ ਪਾਰਟੀ ਨੇ ਉਨ੍ਹਾਂ ਦੀ ਕਾਬਲੀਅਤ ਨੂੰ ਦੇਖਦਿਆਂ ਸੰਗਰੂਰ ਲੋਕ ਸਭਾ ਹਲਕੇ ਤੋਂ ਮੈਦਾਨ ਵਿੱਚ ਉਤਾਰਿਆ, ਜਿੱਥੇ ਉਨ੍ਹਾਂ ਨੇ 3,64,085 ਵੋਟਾਂ ਪ੍ਰਾਪਤ ਕਰਕੇ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਰਿਕਾਰਡ ਫ਼ਰਕ ਨਾਲ ਹਰਾਇਆ ਅਤੇ ਸੰਸਦ ਮੈਂਬਰ ਬਣੇ। 2022 ਵਿੱਚ 'ਆਪ' ਦੀ ਸਰਕਾਰ ਬਣਨ 'ਤੇ ਮੀਤ ਹੇਅਰ 19 ਮਾਰਚ 2022 ਤੋਂ ਜੂਨ 2024 ਤੱਕ ਪੰਜਾਬ ਦੇ ਕੈਬਨਿਟ ਮੰਤਰੀ ਰਹੇ। ਬਚਪਨ ਤੋਂ ਹੀ ਖੇਡਾਂ ਬੈਡਮਿੰਟਨ ਤੇ ਕ੍ਰਿਕਟ ਨਾਲ ਡੂੰਘਾ ਲਗਾਅ ਰੱਖਣ ਵਾਲੇ ਮੀਤ ਹੇਅਰ ਨੇ ਖੇਡਾਂ ਤੇ ਯੁਵਕ ਸੇਵਾਵਾਂ, ਜਲ ਸਰੋਤ, ਮਾਈਨਿੰਗ, ਵਾਤਾਵਰਨ, ਉੱਚ ਸਿੱਖਿਆ, ਸ਼ਾਸਨ ਸੁਧਾਰ ਅਤੇ ਭੂਮੀ ਤੇ ਜਲ ਸੰਭਾਲ ਵਰਗੇ ਅਹਿਮ ਵਿਭਾਗਾਂ ਦੀ ਕਮਾਨ ਬਾਖੂਬੀ ਸੰਭਾਲੀ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ,?18ਵੀਂ ਲੋਕ ਸਭਾ ਦੇ ਮੈਂਬਰ ਬਣਨ ਤੋਂ ਬਾਅਦ ਉਹ ਸੰਸਦ ਵਿੱਚ ਆਮ ਆਦਮੀ ਪਾਰਟੀ ਦੇ ਫਲੋਰ ਲੀਡਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ ਉਹ ਕਮੇਟੀ ਆਨ ਪਟੀਸ਼ਨਜ਼, ਕਮੇਟੀ ਆਨ ਕਮਿਊਨੀਕੇਸ਼ਨਜ਼ ਐਂਡ ਆਈ.ਟੀ., ਇੰਡੀਆ-ਆਸਟ?ਰੇਲੀਆ ਪਾਰਲੀਮੈਂਟਰੀ ਫਰੈਂਡਸ਼ਿਪ ਗਰੁੱਪ ਅਤੇ 26 ਸਤੰਬਰ 2026 ਤੋਂ ਕਮੇਟੀ ਆਨ ਹੋਮ ਅਫੇਅਰਜ਼ ਦੇ ਮੈਂਬਰ ਵਜੋਂ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਮੀਤ ਹੇਅਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਵੀ ਜਨਰਲ ਸੈਕਟਰੀ ਹਨ। ਬਰਨਾਲਾ ਦੀ ਮਿੱਟੀ ਤੋਂ ਉੱਠ ਕੇ ਵਿਧਾਨ ਸਭਾ ਅਤੇ ਫਿਰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ (ਲੋਕ ਸਭਾ) ਤੱਕ ਪਹੁੰਚਣ ਵਾਲੇ ਨੌਜਵਾਨ ਆਗੂ ਮੀਤ ਹੇਅਰ 'ਤੇ ਪਾਰਟੀ ਵੱਲੋਂ ਮੁੜ ਖੇਡਿਆ ਗਿਆ

ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਦੇ ਭੰਗੂੜੇ 'ਚ ਮੁੜ ਗੂੰਜੀਆਂ ਨਵਜਾਤ ਬੱਚੀ ਦੀਆਂ ਕਿਲਕਾਰੀਆਂ

ਕੌਮੀ ਪੜ੍ਹਿਕਾ

ਅੰਮ੍ਰਿਤਸਰ 19 ਨਵੰਬਰ। ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਮਨੁੱਖਤਾ ਦੀ ਸੇਵਾ ਅਤੇ ਨਵਜਾਤ ਬੱਚਿਆਂ ਦੀਆਂ ਜਾਨਾਂ ਬਚਾਉਣ ਦੇ ਉਦੇਸ਼ ਨਾਲ ਸਥਾਪਤ ਕੀਤੇ ਗਏ ਭੰਗੂੜੇ 'ਚ ਇਕ ਵਾਰ ਫਿਰ ਨਵਜਾਤ ਬੱਚੀ ਦੀਆਂ ਕਿਲਕਾਰੀਆਂ ਗੂੰਜੀਆਂ ਹਨ। ਬੀਤੀ 5 ਨਵੰਬਰ ਨੂੰ ਭੰਗੂੜੇ 'ਚ ਇਕ ਨਵਜਾਤ ਬੱਚੀ ਆਈ, ਜਿਸ ਨਾਲ ਇਸ ਭੰਗੂੜੇ ਰਾਹੀਂ ਹੁਣ ਤੱਕ ਸੁਰੱਖਿਆ ਅਤੇ ਸੰਭਾਲ ਲਈ ਪ੍ਰਾਪਤ ਹੋਏ ਬੱਚਿਆਂ ਦੀ ਗਿਣਤੀ 198 ਹੋ ਗਈ ਹੈ। ਬੱਚੀ ਦੀ ਸਿਹਤ ਅਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਰੈੱਡ ਕਰਾਸ ਸੋਸਾਇਟੀ ਵੱਲੋਂ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਰੈੱਡ ਕਰਾਸ ਸੁਸਾਇਟੀ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ, ਆਈ. ਏ. ਐੱਸ. ਦੀ ਅਗਵਾਈ ਹੇਠ ਪਰਵਤੀ ਦੇਵੀ ਹਸਪਤਾਲ ਵਿਖੇ ਉਸ ਦਾ ਲੋੜੀਂਦਾ ਇਲਾਜ ਅਤੇ ਡਾਕਟਰਾਂ ਵੱਲੋਂ ਜਾਂਚ ਕਰਵਾਈ ਗਈ। ਮੈਡੀਕਲ ਜਾਂਚ ਉਪਰੰਤ ਬੱਚੀ ਪੂਰੀ ਤਰ੍ਹਾਂ ਤੰਦਰੁਸਤ ਪਾਈ ਗਈ। ਚਾਈਲਡ ਪ੍ਰੋਟੈਕਸ਼ਨ ਕਮੇਟੀ ਵੱਲੋਂ ਬੱਚੀ ਦਾ ਨਾਮ ਸੀਤਾ ਰੱਖਿਆ ਗਿਆ ਹੈ। ਬੱਚੀ ਨੂੰ ਬਿਹਤਰ ਦੇਖਭਾਲ, ਸੁਰੱਖਿਅਤ ਮਾਹੌਲ ਅਤੇ ਉੱਜਵਲ ਭਵਿੱਖ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਵਾਮੀ ਗੰਗਾ ਨੰਦ ਭੂਰੀ ਵਾਲੇ ਫਾਊਂਡੇਸ਼ਨ ਧਾਮ, ਪਿੰਡ



ਤਲਵੰਡੀ ਖੁਰਦ, ਜ਼ਿਲ੍ਹਾ ਲੁਧਿਆਣਾ ਵਿਖ